ੴ ਵਾਹਿਗੁਰੂ ਜੀ ਕੀ ਫਤਹਿ ॥

# ਮੋਰਚਾ
# ਗੁਰੂ ਕਾ ਬਾਗ


ਪੰਥਕ ਦਰਦੀ ਸਭਾ

ਗਿਆਨੀ ਸਰੂਪ ਸਿੰਘ ਕੜਿਆਣਾ
ਪਿੰਡ - ਕੜਿਆਣਾ (ਫਿਰੋਜ਼)
ਸੰਪਰਕ - M-98150-03075



ਧਰਮ ਪ੍ਰਚਾਰ ਕਮੇਟੀ
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

# ਮੋਰਚਾ ਗੁਰੂ ਕਾ ਬਾਗ

ਭਾਰਤ ਇਸ ਸਾਲ ਆਜ਼ਾਦੀ ਦੀ 55ਵੀਂ ਵਰ੍ਹੇ ਗੰਢ ਮਨਾ ਰਿਹਾ ਹੈ ਅਤੇ ਭਾਰਤੀ ਨੈਸ਼ਨਲ ਕਾਂਗਰਸ ਦੇ ਨੇਤਾਵਾਂ ਦਾ ਆਮ ਤੌਰ ਤੇ ਵਿਚਾਰ ਹੈ ਕਿ ਆਜ਼ਾਦੀ ਪ੍ਰਾਪਤ ਕਰਨ ਵਿਚ ਮਹਾਤਮਾ ਗਾਂਧੀ ਦੀ ਚਲਾਈ ਅਦਮ ਤਸ਼ੱਦਦ (ਅਗੋਂ ਹੱਥ ਨਾ ਚੁਕਣ) ਦੀ ਲਹਿਰ ਦਾ ਵੱਡਾ ਭਾਗ ਹੈ। ਭਾਰਤ ਨੂੰ ਆਜ਼ਾਦ ਕਰਾਉਣ ਹਿਤ ਹੋਏ ਹੋਰ ਸਾਰੇ ਜਤਨਾਂ ਵਾਂਗ ਇਸ ਲਹਿਰ ਵਿਚ ਭੀ ਸਿੱਖਾਂ ਦਾ ਬਹੁਤ ਮਹੱਤਵਪੂਰਨ ਹਿੱਸਾ ਹੈ। ਬਲਕਿ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਇਸ ਲਹਿਰ ਨੂੰ ਜੋ ਹੁਲਾਰਾ ਸਿੱਖਾਂ ਵਲੋਂ ਮਿਲਿਆ ਅਤੇ ਜੋ ਸਾਹਸ ਸਿੱਖਾਂ ਨੇ ਆਜ਼ਾਦੀ ਦੀ ਲਹਿਰ ਵਿਚ ਭਰਿਆ ਉਸ ਦੀ ਮਿਸਾਲ ਭਾਰਤ ਹੀ ਨਹੀਂ; ਬਲਕਿ ਦੁਨੀਆਂ ਦੇ ਤਖਤੇ ਉਪਰ ਮਿਲਣੀ ਕਠਨ ਹੈ ਇਸ ਦਾ ਇਕ ਚਿੱਤਰ ਗੁਰੂ ਕੇ ਬਾਗ ਦਾ ਮੋਰਚਾ ਹੈ ਜਿਸ ਦੇ ਅਖੀਂ ਡਿਠੇ ਹਾਲਾਤ ਇਸ ਟਰੈਕਟ ਦਾ ਵਿਸ਼ਾ ਹੈ।

ਇਹ ਮੋਰਚਾ ਉਸ ਸਮੇਂ ਦੀ ਅੰਗਰੇਜ਼ ਸਰਕਾਰ ਨਾਲ ਸੀ ਅਤੇ ਇਹ ਅਗਸਤ-ਸਤੰਬਰ, 1922 ਵਿਚ ਲਗਾ ਸੀ ਜਿਸ ਨੂੰ 80 ਸਾਲ ਹੋ ਚੁੱਕੇ ਹਨ। ਭਾਵੇ ਪ੍ਰਗਟ ਰੂਪ ਵਿਚ ਇਸ ਮੋਰਚੇ ਦਾ ਨਿਸ਼ਾਨਾ ਗੁਰਦੁਆਰੇ ਦੀ ਜਾਇਦਾਦ ਨੂੰ ਗੁਰਦੁਆਰੇ ਦੀ ਸੇਵਾ ਹਿਤ ਵਰਤਣ ਦੀ ਖੁਲ੍ਹ ਲੈਣਾ ਹੀ ਸੀ, ਪਰ ਜਿਹਾ ਕੁ ਇਸ ਲੇ ਖ ਦੇ ਪੜ੍ਹਣ ਤੋਂ ਸਪਸ਼ਟ ਹੋਵੇਗਾ, ਇਹ ਸਿੱਖੀ ਆਚਰਣ ਦਾ ਇਕ ਮਹਾਨ ਉੱਚਾ ਤੇ ਸੁੱਚਾ ਚਿੱਤਰ ਪੇਸ਼ ਕਰਨ ਤੋਂ ਇਲਾਵਾ ਭਾਰਤ ਦੀ ਆਜ਼ਾਦੀ ਲਹਿਰ ਦੀ ਸਹੀ ਰੂਪ ਰੇ ਖਾ ਉਘਾੜਨ ਵਾਲੀ ਐਸੀ ਘਟਨਾ ਸੀ ਜਿਸ ਦੀ ਮਿਸਾਲ ਦੇਸ਼ ਦੇ ਸਮੁੱਚੇ ਸੁਤੰਤਰਤਾ ਸੰਗਰਾਮ ਅੰਦਰ ਨਹੀਂ ਮਿਲਦੀ। ਇਹ ਗੱਲ ਮੈਂ ਨਹੀਂ ਕਹਿੰਦਾ ਬਲਕਿ ਉਸ ਸਮੇਂ ਦਾ ਸਮੁੱਚਾ ਭਾਰਤੀ ਪ੍ਰੈਸ ਅਤੇ ਦੇਸ਼ ਦੇ ਨੇਤਾ-ਹਿੰਦੂ, ਮੁਸਲਮਾਨ ਇਸ ਦੀ ਸਾਖ ਭਰਦੇ ਹਨ।

ਮਨੁੱਖੀ ਚੇਤੇ ਦੀ ਸੀਮਾ ਦਾ ਘੇਰਾ ਬਹੁਤ ਛੋਟਾ ਹੁੰਦਾ ਹੈ ਅਤੇ ਸਮੇਂ ਦੇ ਵਿਸ਼ਾਲ ਚੱਕਰ ਅੰਦਰ ਇਹ ਬੜੀ ਛੇਤੀ ਲੁਪਤ ਹੋ ਜਾਂਦਾ ਹੈ। ਵਰਨਾ ਜਿਸ ਕੌਮ ਦੇ ਬੰਦਿਆਂ ਨੂੰ 1922 ਵਿਚ ਭਾਰਤ ਦਾ ਮਹਾਨ ਕਾਂਗਰਸੀ ਨੇਤਾ ਪੰਡਤ ਮੋਤੀ ਲਾਲ ਨਹਿਰੂ (ਜੋ ਸਾਡੇ ਸਾਬਕਾ ਪ੍ਰਧਾਨ ਮੰਤਰੀ ਪੰ: ਜਵਾਹਰ ਲਾਲ ਦੇ ਪਿਤਾ ਅਤੇ ਉਸ ਤੋਂ

ਪਿਛੋਂ ਬਣੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਦਾਦਾ ਜੀ ਸਨ) ਦੁਨੀਆ ਦੇ ਸਭ ਤੋਂ ਚੰਗੇ ਮਨੁੱਖ (finest people that have ever inhabited any part of the world) ਕਹਿੰਦਾ ਗਿਆ ਹੋਵੇ, ਉਹ ਕੌਮ ਕੇਵਲ ਪੰਞੀ ਸਾਲ ਮਗਰੋਂ ਯਾਨਿ 1947 ਵਿਚ ਜੁਰਮ ਕਰਨ ਵਾਲੀ ਨਹੀਂ ਸਮਝੀ ਜਾ ਸਕਦੀ। ਜੈਸੀ ਕਲਪਨਾ ਅਧੀਨ ਪੰਡਤ ਜਵਾਹਰ ਲਾਲ ਨਹਿਰੂ ਦੀ ਹਕੂਮਤ ਨੇ ਉਨ੍ਹਾਂ ਦੀ ਗੱਦੀ ਬੈਠਣ ਸਾਰ ਇਹ ਹੁਕਮਨਾਮਾ ਜਾਰੀ ਕਰ ਦਿੱਤਾ ਕਿ ਸਿੱਖਾਂ ਪਾਸੋਂ ਮੁਹਤਾਤ (ਖ਼ਬਰਦਾਰ) ਰਿਹਾ ਜਾਵੇ। ਫਿਰ ਜਦੋਂ ਨਹਿਰੂ ਜੀ ਨੂੰ ਸਿੱਖਾਂ ਦੀਆਂ ਦੇਸ਼ ਹਿਤ ਕੀਤੀਆਂ ਸੇਵਾਵਾਂ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਸਿੱਖਾਂ ਨੂੰ ਦਿਤੇ ਬਚਨ ਚੇਤੇ ਕਰਵਾਏ ਗਏ ਤਾਂ ਆਪ ਨੇ ਕਹਿ ਦਿੱਤਾ 'ਵੁਹ ਔਰ ਸਮੇਂ ਥਾ।'

ਪਰ ਇਸ ਸਭ ਕੁਝ ਦੇ ਬਾਵਜੂਦ ਸਿੱਖਾਂ ਨੇ ਜੈਸਾ ਕਿ ਉਨ੍ਹਾਂ ਦੇ ਖਮੀਰ ਵਿਚ ਹੈ, ਦੇਸ਼ ਦੀ ਆਜ਼ਾਦੀ ਬਰਕਰਾਰ ਰੱਖਣ ਲਈ ਗੁਜਾਰੇ। 55 ਸਾਲ ਅੰਦਰ ਚੀਨ ਅਤੇ ਪਾਕਿਸਤਾਨ ਨਾਲ ਲੜੇ, ਸਾਰੇ ਜੰਗਾਂ ਵਿਚ ਆਪਣਾ ਸਭ ਕੁਝ ਦੇਸ਼ ਦੀ ਇਜ਼ਤ ਦੇ ਤਰਾਜੂ ਵਿਚ ਤੋਲੇ ਜਾਣ ਹਿਤ ਚਾੜ੍ਹ ਦਿੱਤਾ ਅਤੇ ਇਕ ਵਾਰ ਵੀ ਇਹ ਨਹੀਂ ਜਣਾਇਆ ਕਿ ਆਜ਼ਾਦੀ ਪ੍ਰਾਪਤ ਕਰਨ ਵਾਸਤੇ ਉਨ੍ਹਾਂ ਦੀਆਂ ਕੀਤੀਆਂ ਸੇਵਾਵਾਂ ਦਾ ਕਿਤਨਾ ਕੁ ਮੁੱਲ ਤਾਰਿਆ ਗਿਆ ਹੈ। ਸਿੱਖਾਂ ਦੀ ਸੈਨਿਕ ਸਮਰੱਥਾ ਨੂੰ ਅਨੁਭਵ ਕਰਦੇ ਹੋਏ ਅੰਗਰੇਜ਼ ਨੇ ਸਾਂਦਲ, ਗੰਜੀ ਅਤੇ ਨੀਲੀ ਬਾਰਾਂ ਦੇ ਰਸਤੇ ਖੋਹਲ ਕੇ ਇਨ੍ਹਾਂ ਨੂੰ ਹਲ ਦੀ ਜੰਘੀ ਫੜਾਈ ਸੀ ਤਾਂ ਕਿ ਇਹ ਤਲਵਾਰ ਨੂੰ ਭੁੱਲ ਜਾਣ, ਪਰ ਜਦੋਂ ਸਿੱਖ ਨੇ ਹਲ ਦੀ ਜੰਘੀ ਵਿਚੋਂ ਭੀ ਏਨੀ ਆਰਥਕ ਸਮਰੱਥਾ ਪੈਦਾ ਕਰ ਲਈ ਕਿ ਇਹ ਕਾਂਗਰਸ ਦੇ ਵੱਡੇ-ਵੱਡੇ ਤੀਸਮਾਰ ਖਾਨਾਂ ਅਗੇ ਡਟਣ ਲਗ ਗਿਆ ਤਾਂ ਨਹਿਰੂ ਖਾਨਦਾਨ ਦੀ ਪੋਤੀ ਨੇ ਇਹ ਭੁੱਲ ਕੇ, ਕਿ ਸਿੱਖ ਦੀ ਤਲਵਾਰ, ਹਲ ਦੀ ਜੰਘੀ ਅਤੇ ਕਿਰਤੀ ਜਮਾਤ ਨੇ ਭਾਰਤ ਨੂੰ ਦੁਨੀਆਂ ਦੇ ਜੀਊਂਦੇ ਦੇਸਾਂ ਦੀ ਕਤਾਰ ਵਿਚ ਲਿਆ ਖੜਾ ਕੀਤਾ ਹੈ। ਸਿੱਖਾਂ ਪਾਸ ਇਕ ਮਹਾਨ ਵਿਰਸਾ ਇਨ੍ਹਾਂ ਦਾ ਸੁਨਹਿਰੀ ਇਤਿਹਾਸ ਹੈ। ਬਹੁਗਿਣਤੀ ਕੌਮ ਨੇ ਉਸ ਨੂੰ ਭੀ ਧੁੰਧਲਾ ਕਰਨ ਬਲਕਿ ਖੂਹ ਖਾਤੇ ਸੁਟਣ ਦੇ ਯਤਨ ਅਰੰਭੇ ਹੋਏ ਹਨ। ਇਨ੍ਹਾਂ ਨੇ ਸਿੱਖ ਦਾ ਇਤਿਹਾਸਕ ਸਰਮਾਇਆ ਉਸ ਪਾਸੋਂ ਖੋਹ ਲੈਣ ਵਿਚ ਭੀ ਕਸਰ ਨਹੀਂ ਛੱਡੀ। ਇਨ੍ਹਾਂ ਬੰਦਾ ਸਿੰਘ ਬਹਾਦਰ ਨੂੰ ਬੰਦਾ ਬੈਰਾਗੀ ਦੇ ਰੂਪ ਵਿਚ ਪੇਸ਼ ਕੀਤਾ। ਇਹਨਾਂ ਸ੍ਰ: ਭਗਤ ਸਿੰਘ ਸ਼ਹੀਦ ਨੂੰ ਗੈਰ-ਸਿੱਖ ਨਿਸਚੇ ਕਰਾਇਆ। ਇਹਨਾਂ ਜਲਿਆਂਵਾਲਾ ਬਾਗ ਦੇ ਸ਼ਹੀਦਾਂ ਜਿਨ੍ਹਾਂ ਵਿਚ ਦੋ ਤਿਹਾਈ ਤੋਂ ਵੱਧ ਸਿੱਖ ਸਨ, ਨੂੰ ਫਿਰਕਾਦਰਾਨਾਂ ਰੰਗਤ ਦਿੱਤੀ। ਇਹਨਾਂ ਕੈਨੇਡੇਅਨ ਬਾਬਿਆਂ, ਕਾਮਾਗਾਟਾਮਾਰੂ ਤੇ ਲਾਹੌਰ ਸਾਜਸ਼ ਦੇ ਸਿੱਖ ਸ਼ਹੀਦਾਂ ਦੇ ਨਾਵਾਂ ਉਤੇ ਸਿਆਹੀ ਫੇਰ

ਦਿੱਤੀ। ਇਹ ਕੁਝ ਸਾਲਾਂ ਦੇ ਅੰਦਰ ਹੀ ਗੁਰੂ ਕੇ ਬਾਗ ਨੂੰ ਭੁੱਲ ਗਏ, ਜਿਸ ਅੰਦਰ ਸਿੱਖਾਂ ਦੀਆਂ ਅਦੁੱਤੀ ਕੁਰਬਾਨੀਆਂ ਨੂੰ ਵੇਖਕੇ ਨੈਸ਼ਨਲ ਕਾਂਗਰਸ ਦੇ ਨੇਤਾ ਲਾਲਾ ਲਾਜਪਤ ਰਾਇ ਇਹ ਕਹਿੰਦੇ ਸਨ :-

'ਤੁਮ ਦਰਦੇ ਹਿੰਦ ਕੇ ਮਸੀਹਾ ਹੋ ਅਕਾਲੀਓ'

(ਅਖਬਾਰ 'ਬੰਦੇ ਮਾਤਰਮ')

ਅਤੇ

'ਸਵੈਰਾਜ ਕਾ ਜੋ ਰਾਜ ਹੋ ਅਪਨੇ ਦੇਸ਼ ਮੇਂ
ਹੋਗਾ ਤੁਮ੍ਹਾਰੇ ਹਾਥ ਮੇਂ ਝੰਡਾ ਅਕਾਲੀਓ।'

(ਅਖਬਾਰ 'ਬੰਦੇ ਮਾਤਰਮ')

ਪਰ ਜੇ ਕਾਂਗਰਸ ਨੂੰ 65 ਸਾਲ ਦੇ ਅੰਦਰ ਅੰਦਰ 'ਗੁਰੂ ਕਾ ਬਾਗ' ਭੁੱਲ ਗਿਆ ਹੈ ਤਾਂ ਸਿੱਖਾਂ ਜਿਨ੍ਹਾਂ ਨੇ ਪੁਲਿਸ ਦੀ ਲਾਠੀਆਂ ਸਹੀ, ਸੀਨਾ ਸਿਪਹ ਹੋ ਕਰ ਨੂੰ ਤਾਂ ਗੁਰੂ ਕਾ ਬਾਗ ਨਹੀਂ ਭੁੱਲ ਸਕਦਾ, ਹਾਲਾਂ ਤਾਂ ਵਜੀਆਂ ਡਾਂਗਾਂ ਦੀਆਂ ਦਰਦਾਂ ਉਨ੍ਹਾਂ ਦੇ ਸਰੀਰ ਵਿਚੋਂ ਨਹੀਂ ਗਈਆਂ। ਜਿਨ੍ਹਾਂ ਵਿਚੋਂ ਕਈ ਬਜੁਰਗ ਤਾਂ ਅੱਜ ਜਿਉਂਦੇ ਜਾਗਦੇ ਹਨ।

ਪਰ ਖਾਲਸਾ ਜ਼ੀਓ-ਨਿਰੀ ਗਿਲਾ ਗੁਜ਼ਾਰੀ ਨੇ ਕਦੀ ਕਿਸੇ ਦਾ ਬੇੜਾ ਬੰਨੇ ਨਹੀਂ ਲਾਇਆ, ਪਾਰ ਤਾਂ ਆਪਣੀ ਹਿੰਮਤ ਨਾਲ ਹੀ ਪਈਦਾ ਹੈ। ਜੇਕਰ ਅੱਜ ਤੋਂ ਕੁਝ ਸਾਲ ਪਹਿਲੋਂ ਦੁਨੀਆ ਸਾਨੂੰ 'ਦਰਦੇ ਹਿੰਦ ਕਾ ਮਸੀਹਾ' ਸਮਝਦੀ ਸੀ ਤਾਂ ਕੀ ਕਾਰਨ ਹੈ ਕਿ ਅੱਜ ਅਸੀਂ ਆਪਣੇ ਨਿਜੀ ਦਰਦ ਦੇ ਮਸੀਹਾ ਭੀ ਨਹੀਂ ਰਹੇ ਅਤੇ ਹਰ ਗੱਲ ਵਾਸਤੇ ਸਾਨੂੰ ਗੈਰਾਂ ਦੇ ਹਥ ਵਲ ਵੇਖਣਾ ਪੈਂਦਾ ਹੈ ਅਤੇ ਭਾਰਤ ਦੀ ਅਣਖ ਤੇ ਇੱਜ਼ਤ ਦੇ ਰਾਖੇ ਹੁੰਦੇ ਹੋਏ ਅਸੀਂ ਭਾਰਤ ਅੰਦਰ ਦੂਜੇ ਦਰਜੇ ਦੇ ਸ਼ਹਿਰੀ ਹਾਂ।

ਆਓ, 'ਗੁਰੂ ਕੇ ਬਾਗ' ਦੀ ਵਾਰਤਾ ਦਾ ਵਿਸ਼ਲੇਸ਼ਨ (analysis) ਕਰਕੇ ਵੇਖੀਏ ਕਿ ਉਸ ਸਮੇਂ ਦੀ ਚੜ੍ਹਦੀ ਕਲਾ ਪਿਛੇ ਕੀ ਰਾਜ਼ ਸੀ? ਆਪਣੇ ਵਲੋਂ ਕੁਝ ਕਹਿਣ ਤੋਂ ਪਹਿਲੋਂ ਮੈਂ ਕੁਝ ਕੁ ਪ੍ਰਤਿਸ਼ਠਤ ਸਜਣਾਂ ਦੇ ਵਿਚਾਰ ਪਾਠਕਾਂ ਦੇ ਸਾਮ੍ਹਣੇ ਰੱਖਦਾ ਹਾਂ ਜਿਨ੍ਹਾਂ ਤੋਂ ਇਹ ਸਪਸ਼ਟ ਹੋਵੇਗਾ ਕਿ ਉਸ ਸਮੇਂ ਸਿੱਖ ਦੀ ਚੜ੍ਹਦੀ ਕਲਾ ਵਿਚ ਕੀ ਭੇਦ ਸੀ :

(1)

ਜਦੋਂ ਅੰਗਰੇਜ਼ ਪਾਦਰੀ 'ਸੀ. ਐਫ. ਐਂਡ੍ਰੀਊਜ਼' ਨੂੰ ਪੁਛਿਆ ਗਿਆ ਕਿ ਉਸ ਦੇ ਖਿਆਲ ਵਿਚ ਅਕਾਲੀਆਂ ਦੀ ਅਜੇਹੀ ਕੁਰਬਾਨੀ ਪਿਛੇ ਕੀ ਰਾਜ ਸੀ ਤਾਂ ਉਸ ਨੇ ਜਵਾਬ ਦਿੱਤਾ 'ਮੈਂ ਉਨ੍ਹਾਂ ਦੇ ਧਰਮ ਨੂੰ ਇਸ ਦਾ ਆਧਾਰ ਮੰਨਦਾ ਹਾਂ। ਸ਼ੁਰੂ

ਤੋਂ ਅਖੀਰ ਤਕ ਉਨ੍ਹਾਂ ਦੇ ਅੰਦਰ ਇਕੋ ਹੀ ਖਿਆਲ ਸਮਾਇਆ ਹੋਇਆ ਸੀ। ਉਹ ਸੀ ਉਨ੍ਹਾਂ ਦਾ ਰੱਬ ਉਪਰ ਵਿਸ਼ਵਾਸ। ਉਨ੍ਹਾਂ ਵਿਚੋਂ ਹਰ ਆਦਮੀ ਨੂੰ ਇਸ ਗੱਲ ਦਾ ਨਿਸਚਾ ਸੀ ਕਿ ਉਹ ਆਪਣਾ ਆਪ ਵਾਹਿਗੁਰੂ ਪ੍ਰਤੀ ਅਰਪਨ ਕਰ ਰਿਹਾ ਹੈ।

(2)

'ਇੰਡੀਪੈਂਡੈਂਟ' ਇਲਾਹਾਬਾਦ ਦੇ ਸਹਾਇਕ ਐਡੀਟਰ ਜੀ. ਏ. ਸੁੰਦਰਮ ਦੀ, ਇਕ ਅਕਾਲੀ ਨਾਲ, ਮੋਰਚੇ ਬਾਰੇ ਗੱਲ ਬਾਤ ਹੋਈ ਤਾਂ ਉਸ ਕਿਹਾ, "ਇਹ ਅਕਾਲ ਪੁਰਖ ਦਾ ਹੁਕਮ ਹੈ 'ਪ੍ਰਧਾਨ ਅਤੇ ਕਮੇਟੀ ਸਾਰੇ ਰੱਬੀ ਹੁਕਮ ਦੀ ਕਾਰ ਕਰਦੇ ਹਨ।"

(3)

ਪੰਡਤ ਮੋਤੀ ਲਾਲ ਨਹਿਰੂ ਨੇ ਕਿਹਾ ਕਿ 'ਉਨ੍ਹਾਂ ਬਹਾਦਰ ਅਕਾਲੀਆਂ ਨੇ ਆਪਣੇ ਪਰ ਹੋਏ ਵਾਰਾਂ ਨੂੰ ਦਲੇਰੀ ਨਾਲ ਸਹਾਰਿਆ 'ਉਸ ਸਮੇਂ ਉਨ੍ਹਾਂ ਦੇ ਹਿਰਦੇ, ਨਿਘੀ ਅਰਦਾਸ ਅੰਦਰ ਜੁੜੇ ਹੋਏ ਸਨ ਅਤੇ ਉਨ੍ਹਾਂ ਦੀਆਂ ਰਸਨਾ ਤੋਂ ਸਤਿਨਾਮ ਵਾਹਿਗੁਰੂ ਦਾ ਜਾਪ ਹੋ ਰਿਹਾ ਸੀ।'

(4)

ਪ੍ਰੋ: ਰੁਚੀ ਰਾਮ ਸਾਹਨੀ ਨੇ ਲਿਖਿਆ ਹੈ 'ਸਾਧਾਰਨ ਪੇਂਡੂ ਕਿਸਾਨਾਂ ਤੇ ਮਜ਼ਦੂਰਾਂ ਨੇ ਕਿਸੇ ਅੰਦਰੂਨੀ ਦਿਲੋਂ ਉਠੀ ਹੂਕ ਅਤੇ ਧਰਮ ਦੇ ਗਹਿਰੇ ਜਜ਼ਬੇ ਤੋਂ ਪ੍ਰੇਰਤ ਹੋ ਕੇ ਇਸ ਅਦਮ ਤਸ਼ਦਦ ਵਾਲੇ ਘੋਲ ਅੰਦਰ ਉਹ ਰੋਲ ਅਦਾ ਕੀਤਾ ਜਿਸ ਉਤੇ ਵੱਡੇ ਤੋਂ ਵੱਡਾ ਮਨੁੱਖ ਵੀ ਫਖਰ ਕਰ ਸਕਦਾ ਹੈ... ਉਹ ਕਸ਼ਟ ਕੇਵਲ ਇਸ ਲਈ ਸਹਿੰਦੇ ਸਨ ਕਿ ਉਨ੍ਹਾਂ ਦੇ ਅੰਦਰ ਇਕ ਟੁੰਬ ਸੀ ਕਿ ਇਹ ਸੇਵਾ ਅਕਾਲ ਪੁਰਖ ਉਨ੍ਹਾਂ ਪਾਸੋਂ ਲੈ ਰਿਹਾ ਹੈ।'

ਉਕਤ ਕਥਨਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਸਿੱਖਾਂ ਦੀ ਚੜ੍ਹਦੀ ਕਲਾ ਦਾ ਇਕ ਰਾਜ ਉਨ੍ਹਾਂ ਦਾ ਇਹ ਵਿਸ਼ਵਾਸ ਹੈ ਕਿ ਜੋ ਕੁਝ ਵਰਤਦਾ ਹੈ ਇਹ ਅਕਾਲ ਪੁਰਖ ਦਾ ਹੁਕਮ ਹੈ, ਜਿਸ ਦੀ ਸੇਵਾ ਵਿਚ ਉਹ ਲਗ ਰਹੇ ਹਨ। ਉਨ੍ਹਾਂ ਨੇ ਆਪਣੇ ਆਪ ਨੂੰ ਪ੍ਰਭੂ ਪ੍ਰਤੀ ਅਰਪਨ ਕਰਨਾ ਹੈ, ਜਿਸ ਦਾ ਸੌਖਾ ਤਰੀਕਾ ਅਰਦਾਸ ਭਾਵਨਾ ਵਿਚ ਰਹਿਣਾ ਹੈ। ਇਸ ਵਾਸਤੇ ਉਹ ਸਤਿਨਾਮ ਵਾਹਿਗੁਰੂ ਜਪਦੇ ਅਗਾਂਹ ਵਧੀ ਜਾਂਦੇ ਹਨ।

ਉਨ੍ਹਾਂ ਦੇ ਇਤਨੀ ਡੂੰਘੀ ਧਰਮ ਭਾਵਨਾ ਪਿਛੇ ਦੋ ਹੋਰ ਨੁਕਤੇ ਕੰਮ ਕਰਦੇ ਸਨ, ਪਹਿਲਾ ਇਹ ਕਿ ਉਹ ਅਕਾਲ ਤਖਤ ਦੇ ਹਜ਼ੂਰ ਅਰਦਾਸਾ ਸੋਧ ਕੇ ਚਲੇ ਸਨ ਕਿ ਉਹ ਪਿਛੇ ਨਹੀਂ ਹਟਣਗੇ, ਦੂਜਾ ਖਾਲਸਾ ਜਥੇਬੰਦੀ ਦੇਜ਼ਬਤ discipline ਦਾ

ਨੁਕਤਾ ਸੀ, ਜਦੋਂ ਕਿਸੇ ਨੇ ਇਕ ਬੰਦੀ ਨੂੰ ਆਪਣੇ ਸਿਰ ਲੈ ਲਿਆ ਹੋਵੇ ਤਾਂ ਉਸ ਤੋਂ ਪਿਛੇ ਹਟਣਾ ਕਾਇਰਤਾ ਤੇ ਗੀਦੀ ਪੁਣਾ ਹੁੰਦਾ ਹੈ।

ਇਹ ਦ੍ਰਿੜਤਾ ਭੀ ਉਨ੍ਹਾਂ ਸਾਰਿਆਂ ਅੰਦਰ ਸਮਾਈ ਸੀ ਕਿ ਉਹ ਕੋਈ ਅਜਿਹੀ ਗੱਲ ਨਾ ਕਰ ਬੈਠਣ ਜਿਸ ਨਾਲ ਉਨ੍ਹਾਂ ਦੀ ਕੌਮ ਨੂੰ ਲੀਕ ਲੱਗੇ ਅਤੇ ਗੁਰੂ ਦੇ ਸਾਮ੍ਹਣੇ ਉਨ੍ਹਾਂ ਦਾ ਸਿਰ ਨੀਵਾਂ ਹੋਵੇ। ਕੋਈ ਇਹ ਨਾ ਕਹਿ ਸਕੇ ਕਿ ਕਾਲੀ ਦਸਤਾਰ ਵਾਲੇ ਅਕਾਲੀ ਨੇ ਇਉਂ ਕੀਤਾ ਹੈ। ਉਨ੍ਹਾਂ ਨੂੰ ਆਪਣੀ ਵਰਦੀ ਦੀ ਵੱਡੀ ਸ਼ਰਮ ਸੀ।

ਅੱਜ ਨਾ ਸਾਡਾ ਇਹ ਵਿਸ਼ਵਾਸ ਰਿਹਾ ਹੈ ਅਤੇ ਨਾ ਸਾਨੂੰ ਸਿੱਖ ਰਹਿਤ ਦੀ ਸ਼ਰਮ ਹੈ ਪਰ ਜਦੋਂ ਰਹਿਤ ਹੀ ਨਹੀ ਤਾਂ ਸ਼ਰਮ ਕਿਸ ਗੱਲ ਦੀ ਹੋਣੀ ਹੋਈ? ਗੁਰਬਾਣੀ ਉਪਰ ਅਤੇ ਇਸ ਦੇ ਨਾਲ ਆਪਣੀ ਸਮਰੱਥਾ ਉਪਰ ਸਾਡਾ ਵਿਸ਼ਵਾਸ ਡੋਲਦਾ ਹੈ। ਸਾਡਾ ਰੋਲ ਮੰਗੋ, ਖੈਰ ਪਵੇ ਜਾਂ ਨਾ ਪਾਵੇ ਵਾਲਾ ਹੋ ਗਿਆ ਹੈ।

ਸੋ ਖਾਲਸਾ! ਜੇ ਤੂੰ ਮੁੜ ਜੀਉਂਦਿਆਂ ਵਿਚ ਆਉਣਾ ਚਾਹੁੰਦਾ ਹੈਂ ਤਾਂ ਆਪਣੇ ਪੈਰਾਂ ਤੇ ਖੜ੍ਹਾ ਹੋ, ਮਰਦ ਬਣ, ਗੁਰੂ ਵਾਲਾ ਹੋ, ਫਿਰ ਗੁਰੂ ਨੂੰ ਤੇਰੀ ਸ਼ਰਮ ਹੋਵੇਗੀ। 'ਗੁਰੂ ਕੇ ਬਾਗ' ਵਾਲਾ ਵਿਸ਼ਵਾਸ ਪੈਦਾ ਕਰ, ਤਾਂ ਹੀ ਤੂੰ ਪੱਤ ਵਾਲਾ ਹੋ ਸਕੇਂਗਾ। ਹੁਣ ਤਾਂ ਤੇਰੀ ਪਗ ਵੀ ਲਹਿਣ ਲੱਗ ਪਈ ਹੈ, ਸੰਭਾਲ ਇਸ ਨੂੰ!

'ਗੁਰੂ ਕੇ ਬਾਗ' ਦੀ ਘਟਨਾ 80 ਸਾਲ ਬਾਅਦ ਵੀ ਸਿੰਘਾਂ ਨੂੰ ਝੂਣ ਝੂਣ ਕੇ ਹਲੂਣਾ ਦੇ ਰਹੀ ਹੈ ਕਿ ਉਪਰ ਉਠੋ, ਨਿਕੀਆਂ ਨਿਕੀਆਂ ਖੁਦਗਰਜ਼ੀਆਂ ਤੋਂ, ਅਤੇ ਨ ਖਰੀਦੇ ਜਾਉ ਕਿਸੇ ਕੁਰਸੀ ਦੇ ਲਾਲਚ ਤੋਂ। ਇਸ ਨੇ ਸਦਾ ਨਹੀਂ ਰਹਿਣਾ। ਸਦਾ ਜੀਉਂਦੇ ਹਨ ਉਹ, ਜੋ ਮਰ ਮਿਟਦੇ ਹਨ ਆਪਣੀ ਕੌਮ ਲਈ। 'ਗੁਰੂ ਕੇ ਬਾਗ' ਵਾਲਾ ਵਾਤਾਵਰਣ ਪੈਦਾ ਕਰੋ ਤਾਂ ਕਿ ਦੁਨੀਆ ਇਕ ਵਾਰ ਮੁੜ ਤੁਹਾਡੇ ਉੱਪਰ ਮਾਣ ਕਰ ਸਕੇ।

ਸਕੱਤਰ
ਗੁਰੂ ਨਾਨਕ ਮਿਸ਼ਨ

# ਗੁਰਦੁਆਰੇ ਅਤੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ

ਸਿੱਖੀ ਸਮੂਹਕ ਜੀਵਨ ਦੀ ਵਿਚਾਰਧਾਰਾ ਹੈ। ਹਰ ਸਿੱਖ ਦੀ ਵਿਅਕਤੀਤਵ ਹੋਂਦ ਖਾਲਸੇ ਦੇ ਸਮੂਹ ਵਿਚ ਸਮਾਈ ਹੋਈ ਹੈ। ਜਿਸ ਤਰ੍ਹਾਂ ਇਕੋ ਸਰੀਰ ਦੇ ਅਨੇਕਾਂ ਅੰਗ ਹਨ, ਜੋ ਸਾਰੇ ਆਪੋ ਵਿਚ ਇਕ ਸੁਰ ਹੋਇ ਹੋਇ ਹੀ ਸੰਪੂਰਣ ਨਿਰੋਆ ਸਰੀਰ ਬਣਾਉਂਦੇ ਹਨ, ਇਉਂ ਹੀ ਹਰ ਸਿੱਖ ਤੇ ਖਾਲਸਾ ਹੈ। ਜਿਸ ਤਰ੍ਹਾਂ ਇਕੋ ਸਰੋਵਰ ਵਿਚ ਅਨੇਕ ਕੰਵਲ ਖਿਲੇ ਹੋਇ ਹੋਣ, ਇਉਂ ਹੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸਤਿਸੰਗਤ ਵਿਚ ਜੁੜੇ ਇਹ ਖਾਲਸਾ ਬਣਦੇ ਹਨ, ਜਿਵੇਂ ਸਰੋਵਰ, ਸਰੋਵਰ ਵਿਚਲਾ ਪਾਣੀ ਅਤੇ ਇਸ ਵਿਚ ਅਨੇਕ ਕੰਵਲ ਹਨ, ਇਸੇ ਤਰ੍ਹਾਂ ਗੁਰਦੁਆਰਾ, ਗੁਰੂ ਦਾ ਸ਼ਬਦ ਅਤੇ ਸਿੱਖ ਹਨ। ਗੁਰੂ ਦੇ ਸ਼ਬਦ ਦੀ ਧੁਨ ਜੋ ਸਤਿਸੰਗਤ ਵਿਚ ਜੁੜੇ ਸਿੱਖ ਸੁਣਦੇ ਹਨ, ਇਹੋ ਇਨ੍ਹਾਂ ਦੀ ਆਪੋ ਵਿਚਲੀ ਸਾਂਝ ਦੀ ਲਖਾਇਕ ਹੈ। ਐਸੇ ਸਮੂਹਕ (Congregation) ਜੀਵਨ ਵਿਚ ਗੁਰਦੁਆਰੇ ਦਾ ਕਿਤਨਾ ਮਹੱਤਵਪੂਰਨ ਅਸਥਾਨ ਹੈ, ਇਸ ਦਾ ਅੰਦਾਜ਼ਾ ਸਰੋਵਰ ਅਤੇ ਅਨੇਕ ਕੰਵਲਾਂ ਦਾ ਚਿੱਤਰ ਅੱਖਾਂ ਸਾਮ੍ਹਣੇ ਲਿਆਉਣ ਤੋਂ ਹੋ ਜਾਂਦਾ ਹੈ। ਸੋ ਗੁਰਦੁਆਰਾ, ਜਿਸ ਤਰ੍ਹਾਂ ਇਸ ਦੇ ਅੱਖਰੀ ਅਰਥਾਂ ਤੋਂ ਸਪਸ਼ਟ ਹੁੰਦਾ ਹੈ, ਗੁਰੂ ਦਾ ਦੁਆਰਾ ਤਾਂ ਹੈ ਹੀ, ਪਰ ਸਿੱਖੀ ਜੀਵਨ ਅੰਦਰ ਇਸ ਦਾ ਏਨਾ ਮਹੱਤਵਪੂਰਨ ਸਥਾਨ ਹੈ ਜਿੰਨਾਂ ਪ੍ਰਾਣਾਂ ਲਈ ਸਰੀਰ ਦਾ ਹੋਣਾ। ਪ੍ਰਾਣਾਂ ਦੀ ਹੋਂਦ ਸਰੀਰ ਨਾਲ ਹੈ, ਸਰੀਰ ਤੋਂ ਬਿਨਾਂ ਪ੍ਰਾਣ, ਪੌਣ ਦਾ ਝੋਕਾ ਹੈ, ਜਿਸ ਨੂੰ ਸਰੀਰ ਹੀ ਪ੍ਰਗਟ ਰੂਪ ਦੇਂਦਾ ਹੈ।

ਇਹੋ ਕਾਰਨ ਹੈ ਕਿ ਗੁਰੂ ਸਾਹਿਬ ਜਿਥੇ ਭੀ ਜਾਂਦੇ, 'ਸੰਗਤ' ਕਾਇਮ ਕਰਦੇ। 'ਸੰਗਤ' ਉਸ ਆਸ਼ਰਮ (institution) ਨੂੰ ਕਿਹਾ ਜਾਂਦਾ ਸੀ ਜਿਸ ਅੰਦਰ ਗੁਰੂ ਕੇ ਸਿੱਖ ਇਕੱਠੇ ਬੈਠ ਕੇ ਗੁਰੂ ਕੀ ਬਾਣੀ ਗਾਉਂਦੇ, ਸੁਣਦੇ ਤੇ ਵਿਚਾਰਦੇ। ਅਜੇ ਹੀਆਂ 'ਸੰਗਤਾਂ' ਦੇਸ਼ ਦੇ ਕਈ ਭਾਗਾਂ ਅੰਦਰ ਅੱਜ ਵੀ ਕਾਇਮ ਹਨ, ਜਿਥੇ ਗੁਰਦੁਆਰੇ ਸਥਾਪਤ ਹੋ ਕੇ ਸਤਿਸੰਗਤ ਦੇ ਜੋੜ ਮੇਲੇ ਤੇ ਗੁਰਬਾਣੀ ਦੇ ਕੀਰਤਨ ਪ੍ਰਚਾਰ ਹੁੰਦੇ ਹਨ ਯਥਾ ਗੁਰਦੁਆਰਾ **ਬੜਾ ਸੰਗਤ ਕਲਕੱਤਾ; ਮੈਣੀ ਕੀ ਸੰਗਤ ਪਟਨਾ, ਧੁਬੜੀ ਕੀ ਸੰਗਤ,** ਕਰਤਾਰਪੁਰ ਦੀ ਸੰਗਤ ਆਦਿ। ਅਜੇਹੇ ਬਹੁਤ ਸਾਰੇ ਸੰਗਤ ਅਸਥਾਨ ਤਥਾ ਗੁਰਦੁਆਰੇ ਸਤਿਗੁਰੂ ਸਾਹਿਬਾਨ ਦੇ ਜੀਵਨ-ਕਾਲ ਸਮੇਂ ਉਨ੍ਹਾਂ ਵਲੋਂ ਹੀ ਸਥਾਪਤ ਹੋਏ। ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਵੱਲੋਂ ਰਾਵੀ ਕੰਢੇ ਸਥਾਪਤ ਗੁਰਦੁਆਰਾ ਕਰਤਾਰਪੁਰ, ਜੋ ਇਸ ਸਮੇਂ ਪਾਕਿਸਤਾਨ ਦੇ ਜ਼ਿਲਾ ਸਿਆਲਕੋਟ ਵਿਚ ਹੈ, ਗੁਰੂ

ਅਮਰਦਾਸ ਜੀ ਵੱਲੋਂ ਕਾਇਮ ਕੀਤੇ ਗੁਰਦੁਆਰੇ ਬਾਉਲੀ ਗੋਇੰਦਵਾਲ ਸਾਹਿਬ, ਸ੍ਰੀ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਤਰਨ ਤਾਰਨ ਸਾਹਿਬ, ਗੁਰੂ ਹਰਿਗੋਬਿੰਦ ਜੀ ਵੱਲੋਂ ਸ੍ਰੀ ਅਕਾਲ ਤਖਤ ਅਤੇ ਫਿਰ ਕੀਰਤਪੁਰ ਆਦਿਕ।

ਗੁਰੂ ਸਾਹਿਬਾਨ ਵੱਲੋਂ ਇਸ ਤਰ੍ਹਾਂ ਸਥਾਪਤ ਕੀਤੀਆਂ ਸੰਗਤਾਂ ਅਤੇ ਗੁਰਦੁਆਰਿਆਂ ਤੋਂ ਇਲਾਵਾ ਬਹੁਤ ਸਾਰੇ ਅਜੇਹੇ ਅਸਥਾਨਾਂ ਨੂੰ ਗੁਰਦੁਆਰਿਆਂ ਦਾ ਰੂਪ ਦਿੱਤਾ ਗਿਆ ਹੈ, ਜੋ ਕਿਸੇ ਪੱਖੋਂ ਸਤਿਗੁਰੂ ਸਾਹਿਬਾਨ ਜਾਂ ਗੁਰੂ ਦੇ ਵਿਸ਼ੇਸ਼ ਸਿੱਖਾਂ ਦੀਆਂ ਜੀਵਨ ਘਟਨਾਵਾਂ ਦੀ ਯਾਦ ਦਿਵਾਉਂਦੇ ਹਨ, ਯਥਾ ਨਨਕਾਣਾ ਸਾਹਿਬ, ਖਰਾ ਸੌਦਾ ਤੇ ਪੰਜਾ ਸਾਹਿਬ ਦੇ ਗੁਰਦੁਆਰੇ, ਡੇਰਾ ਸਾਹਿਬ ਲਾਹੌਰ, ਸੀਸ ਗੰਜ, ਰਕਾਬ ਗੰਜ ਤੇ ਬੰਗਲਾ ਸਾਹਿਬ ਦਿੱਲੀ, ਦਮਦਮਾ ਸਾਹਿਬ, ਪਟਨਾ ਸਾਹਿਬ, ਸ੍ਰੀ ਹਜ਼ੂਰ ਸਾਹਿਬ ਨੰਦੇੜ, ਸ਼ਹੀਦ ਗੰਜ ਸਿੰਘਣੀਆਂ ਅਤੇ ਭਾਈ ਤਾਰੂ ਸਿੰਘ ਲਾਹੌਰ।

ਅਜੇਹੇ ਇਤਿਹਾਸਕ ਅਸਥਾਨਾਂ ਤੋਂ ਇਲਾਵਾ ਅਨੇਕਾਂ ਐਸੇ ਗੁਰਦੁਆਰੇ ਭੀ ਹਨ ਜੋ ਸਮੇਂ ਸਮੇਂ ਸਿੱਖ ਸੰਗਤਾਂ ਨੇ ਜਿਥੇ ਭੀ ਉਹ ਗਏ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਤੇ ਸਤਿਸੰਗਤ ਦੇ ਜੁੜਨ ਦੇ ਸਥਾਨ ਕਾਇਮ ਕਰ ਲਏ।

ਹਰ ਗੁਰਦੁਆਰੇ ਦੀ ਸਥਾਪਨਾ ਦੇ ਨਾਲ ਹੀ ਇਥੇ ਹੋਣ ਵਾਲੀ ਪੂਜਾ ਪਾਠ ਤੇ ਸਤਿਸੰਗਤਾਂ ਦੇ ਜੋੜ ਮੇਲਿਆਂ ਦੀ ਸਉਂਪਨਾ ਕਿਸੇ ਯੋਗ ਹਸਤੀ ਨੂੰ ਕੀਤੀ ਜਾਂਦੀ ਰਹੀ। ਜਿਵੇਂ ਕਿ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅੰਦਰ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦੇ ਨਾਲ ਹੀ ਇਸ ਦੀ ਸੇਵਾ ਸੰਭਾਲ ਸੰਨ 1604 ਵਿਚ ਬਾਬਾ ਬੁੱਢਾ ਜੀ ਨੂੰ ਦਿੱਤੀ ਗਈ ਜੋ 16 ਨਵੰਬਰ ਸੰਨ 1631 ਤਕ ਇਹ ਸੇਵਾ ਕਰਦੇ ਰਹੇ। ਉਪਰੰਤ 24 ਅਗਸਤ 1636 ਤਕ ਭਾਈ ਗੁਰਦਾਸ ਜੀ ਨੇ ਇਹ ਸੇਵਾ ਨਿਬਾਹੀ। ਉਨ੍ਹਾਂ ਤੋਂ ਪਿਛੋਂ ਅਤੇ ਸਤਿਗੁਰੂ ਜੀ ਦੇ ਕੀਰਤਪੁਰ ਵੱਲ ਚਲੇ ਜਾਣ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਪ੍ਰਬੰਧ ਗੁਰੂ ਘਰ ਦੇ ਵਿਰੋਧੀ ਸੋਢੀ ਸਾਹਿਬਜ਼ਾਦਿਆਂ ਦੇ ਹੱਥਾਂ ਵਿਚ ਚਲੇ ਜਾਣ ਦੀ ਸੰਭਾਵਨਾ ਪ੍ਰਤੀਤ ਹੁੰਦੀ ਹੈ, ਜਿਨ੍ਹਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ, ਜਦੋਂ ਆਪ ਹਰਿਮੰਦਰ ਜੀ ਦੇ ਦਰਸ਼ਨਾਂ ਨੂੰ ਆਏ, ਤਾਂ ਅੰਦਰੋਂ ਦਰਵਾਜ਼ੇ ਬੰਦ ਕਰਕੇ ਵਾਪਸ ਪਰਤ ਜਾਣ ਲਈ ਮਜ਼ਬੂਰ ਕੀਤਾ, ਜਿਸ ਤੇ ਆਪ ਬਿਨਾਂ ਦਰਸ਼ਨ ਕੀਤੇ ਵਾਪਸ ਵੱਲੇ ਪਿੰਡ ਨੂੰ ਚਲੇ ਗਏ।

ਸੰਨ 1699 ਵਿਚ ਜਦੋਂ ਸ੍ਰੀ ਹਜ਼ੂਰ ਦਸ਼ਮੇਸ਼ ਪਾਤਸ਼ਾਹ ਜੀ ਨੇ ਖੰਡੇ-ਬਾਟੇ ਦੇ ਅੰਮ੍ਰਿਤ ਦੀ ਵਿਧੀ ਚਲਾਈ ਅਤੇ 'ਗੁਰ ਸੰਗਤ ਕੀਨੀ ਖਾਲਸਾ' ਤਾਂ ਆਪ ਨੇ ਭਾਈ ਮਨੀਆ ਜੀ, ਜੋ ਉਸ ਸਮੇਂ ਦੇ ਗੁਰਬਾਣੀ ਦੇ ਮਹਾਨ ਕਥਾਕਾਰ ਸਨ, ਨੂੰ ਅੰਮ੍ਰਿਤ ਛਕਾ

ਕੇ ਭਾਈ ਮਨੀ ਸਿੰਘ ਦਾ ਨਾਮ ਬਖਸ਼ਿਆ ਅਤੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਗ੍ਰੰਥੀ ਦੀ ਸੇਵਾ ਸਉਂਪਦੇ ਹੋਏ ਉਨ੍ਹਾਂ ਨੂੰ ਅੰਮ੍ਰਿਤਸਰ ਭੇਜ ਦਿੱਤਾ। ਉਨ੍ਹਾਂ ਦੇ ਨਾਲ ਭਾਈ ਭੂਪਤ ਸਿੰਘ ਆਦਿ ਪੰਜ ਸਿੰਘ ਭੀ ਭੇਜੇ। ਭਾਈ ਮਨੀ ਸਿੰਘ ਜੀ ਨੇ ਲਗਭਗ 35 ਸਾਲ ਇਹ ਸੇਵਾ ਕੀਤੀ ਅਤੇ ਅਖੀਰ ਇਸ ਸੇਵਾ ਨੂੰ ਨਿਬਾਹੁੰਦੇ ਹੋਏ 24 ਜੂਨ ਸੰਨ 1734 ਵਿਚ ਆਪਣੀ ਉਮਰ ਦੇ ਨਬੇ-ਵੇਂ ਸਾਲ ਵਿਚ ਲਾਹੌਰ ਨਖਾਸ ਅੰਦਰ ਬੰਦ ਬੰਦ ਕਟ ਕੇ ਸ਼ਹੀਦ ਕੀਤੇ ਗਏ। ਇਸ ਸਮੇਂ ਅੰਦਰ ਜਦ ਕਦੀ ਭੀ ਸਿੱਖਾਂ ਅੰਦਰ ਕਿਸੇ ਗੱਲ ਤੇ ਆਪੋ ਵਿਚ ਕੋਈ ਵਿਰੋਧ ਹੋਇਆ ਤਾਂ ਉਸ ਦੇ ਨਿਪਟਾਰੇ ਲਈ ਸ੍ਰੀ ਹਰਿਮੰਦਰ ਸਾਹਿਬ ਦੀ ਓਟ ਲਈ ਗਈ। ਤਤ ਖਾਲਸਾ ਤੇ ਬੰਦਈਆਂ ਵਿਚਾਲੇ ਝਗੜਾ ਹੋ ਜਾਣ ਤੇ ਭੀ ਏਥੋਂ ਹੀ ਆਖਰੀ ਫੈਸਲਾ ਲਿਆ ਗਿਆ, ਜਿਸ ਨੂੰ ਸਭ ਨੇ ਪ੍ਰਵਾਨ ਕੀਤਾ।

ਇਹ ਲਗਭਗ 56 ਸਾਲ ਦਾ ਉਹ ਸਮਾਂ ਸੀ ਜਦੋਂ ਵਕਤ ਦੀ ਹਕੂਮਤ ਵਲੋਂ ਵਾਰ ਵਾਰ ਹੁਕਮ ਜਾਰੀ ਕੀਤੇ ਜਾਂਦੇ ਰਹੇ ਕਿ ਸਿੱਖ ਜਿਥੇ ਵੀ ਮਿਲੇ ਕਤਲ ਕਰ ਦਿੱਤਾ ਜਾਏ। ਬਲਕਿ ਸਿੱਖ ਦਾ ਸਿਰ ਕਟ ਕੇ ਪੇਸ਼ ਕਰਨ ਵਾਲੇ ਨੂੰ ਵਿਸ਼ੇਸ਼ ਇਨਾਮ ਮਿਲਦਾ ਸੀ। ਅਜੇਹੀ ਹਾਲਤ ਵਿਚ ਸਿੱਖਾਂ ਦਾ ਜੰਗਲਾਂ, ਬੀਆਬਾਨਾਂ ਅਤੇ ਬੀਕਾਨੇਰ ਦੇ ਮਾਰੂਥਲਾਂ ਨੂੰ ਨਿਕਲ ਜਾਣਾ ਸੁਭਾਵਕ ਸੀ। ਭਾਵੇਂ ਸਮੇਂ ਸਮੇਂ ਇਕੜ-ਦੁਕੜ ਸਿੰਘ ਕਿਸੇ ਗੁਰਦੁਆਰੇ ਦੀ ਬੇਹੁਰਮਤੀ ਹੋਣ ਦੀ ਸੋਅ ਪਾ ਕੇ ਦੋਸ਼ੀਆਂ ਨੂੰ ਸੋਧਣ ਲਈ ਛਾਪੇ ਮਾਰਦੇ ਅਤੇ ਆਪਣਾ ਕੰਮ ਕਰਕੇ ਮੁੜ ਜੰਗਲਾਂ ਵਿਚ ਜਾ ਵੜਦੇ, ਜਿਸ ਤਰ੍ਹਾਂ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਨ ਸਹਾਰਦੇ ਹੋਏ ਭਾਈ ਮਤਾਬ ਸਿੰਘ ਮੀਰਾਂਕੋਟੀਏ ਅਤੇ ਭਾਈ ਸੁਖਾ ਸਿੰਘ ਮਾੜੀ ਕੰਬੋਕੀ ਨੇ ਬੀਕਾਨੇਰੋਂ ਮੱਸੇ ਰੰਘੜ ਦਾ ਸਿਰ ਕੱਟ ਲੈ ਜਾਣ ਲਈ ਛਾਪਾ ਮਾਰਿਆ ਸੀ। ਉਸ ਸਮੇਂ ਕਿਸੇ ਸਿੱਖ ਦਾ ਸਿੰਘ ਦੇ ਸਰੂਪ ਅੰਦਰ ਕਿਸੇ ਗੁਰਦੁਆਰੇ ਦੀ ਸੇਵਾ ਕਰਦੇ ਰਹਿਣਾ ਸੰਭਵ ਨਹੀਂ ਸੀ, ਅਤੇ ਸਾਰੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਜੋ ਥੋੜੀ ਬਹੁਤ ਹੁੰਦੀ ਰਹੀ ਉਹ ਉਦਾਸੀ ਸੰਪ੍ਰਦਾਵਾਂ ਦੇ ਅਨੁਯਾਈਆਂ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸਤਿਕਾਰ ਤਾਂ ਉਹ ਸ਼ੁਰੂ ਤੋਂ ਹੀ ਕਰਦੇ ਆਏ ਸਨ, ਸੋ ਉਸ ਸਤਿਕਾਰ ਦਾ ਸਦਕਾ ਗੁਰਦੁਆਰਿਆਂ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤੇ ਥੋਹੜੀ ਬਹੁਤ ਪੂਜਾ-ਪਾਠ ਦੀ ਮਰਯਾਦਾ ਕਾਇਮ ਰਹੀ।

ਗੁਰਦੁਆਰਿਆਂ ਦੀ ਸੰਭਾਲ ਦਾ ਇਹ ਸਿਲਸਿਲਾ ਲਗਭਗ ਦੋ ਸੌ ਸਾਲ ਜਾਰੀ ਰਿਹਾ। ਇਸ ਸਮੇਂ ਨੂੰ ਇਤਿਹਾਸਕ ਪੱਖ ਤੋਂ ਅਸੀਂ ਤਿੰਨ ਹਿੱਸਿਆਂ ਵਿਚ ਵੰਡ ਸਕਦੇ ਹਾਂ :

**(1)**

ਪਹਿਲਾ 50-55 ਸਾਲ ਦਾ ਉਹ ਸਮਾਂ ਸੀ ਜਦੋਂ ਮੁਗਲੀਆ ਹਕੂਮਤ ਹਥ

ਧੋ ਕੇ ਸਿੱਖਾਂ ਪਿਛੇ ਪਈ ਹੋਈ ਸੀ ਅਤੇ ਅਹਿਮਦਸ਼ਾਹ ਅਬਦਾਲੀ, ਜੋ ਭਾਵੇਂ ਉਹਨਾਂ ਦਾ ਭੀ ਸਫਾਇਆ ਕਰ ਰਿਹਾ ਸੀ, ਨੇ ਭੀ ਸਿੱਖਾਂ ਦਾ ਖੁਰਾ ਖੋਜ ਮਿਟਾ ਦੇਣ ਲਈ ਉਕਸਾ ਰਹੀ ਸੀ। ਅਬਦਾਲੀ ਨੂੰ ਇਹ ਨਿਸਚੇ ਕਰਾਇਆ ਗਿਆ ਸੀ ਕਿ ਸਿੱਖਾਂ ਦੀ ਜ਼ਿੰਦਗੀ ਅਤੇ ਇਨ੍ਹਾਂ ਦੀ ਬਹਾਦਰੀ ਦਾ ਰਾਜ਼ ਕੇਵਲ ਗੁਰਦੁਆਰਾ ਹਰਿਮੰਦਰ ਅਤੇ ਅੰਮ੍ਰਿਤਸਰ ਦਾ ਸਰੋਵਰ ਹਨ। ਇਹ ਅਜਿਹਾ ਆਬੇ-ਹਯਾਤ ਹੈ ਕਿ ਅਤਿ ਜ਼ਖਮੀ ਹੋਇਆ ਤੇ ਮਰ ਰਿਹਾ ਸਿੱਖ ਭੀ ਇਸ ਦੇ ਦਰਸ਼ਨ ਅਤੇ ਇਸ਼ਨਾਨ ਕਰਕੇ ਵੱਡੇ ਤੋਂ ਵੱਡੇ ਜੰਗਬਾਜ਼ ਨਾਲ ਲੋਹਾ ਲੈਣ ਲਈ ਤਤਪਰ ਹੋ ਜਾਂਦਾ ਹੈ। ਇਸ ਸੂਚਨਾ ਮਿਲਣ ਪਰ ਹੀ ਅਬਦਾਲੀ ਨੇ ਹਰਿਮੰਦਰ ਸਾਹਿਬ ਢਾਹ ਦੇਣ ਅਤੇ ਸਰੋਵਰ ਨੂੰ ਪੂਰ ਦੇਣ ਦੇ ਹੁਕਮ ਜਾਰੀ ਕੀਤੇ ਅਤੇ ਇਨਾਂ ਨੂੰ ਢਾਹ ਢੇਰੀ ਕੀਤਾ ਗਿਆ ਸੀ। ਇਹ ਨਿਰੇ ਉਸ ਸਮੇਂ ਦੀ ਹਕੂਮਤ ਅਤੇ ਬਾਹਰ ਤੋਂ ਆਏ ਹਮਲਾਵਾਰਾਂ ਦਾ ਹੀ ਨਿਸਚਾ ਨਹੀਂ ਸੀ ਕਿ ਸਿੱਖਾਂ ਦੇ ਗੁਰਦੁਆਰੇ ਤੇ ਸਰੋਵਰ ਹੀ ਸਿੱਖਾਂ ਦੀ ਸ਼ਕਤੀ ਦੇ ਸੋਮੇ ਹਨ, ਬਲਕਿ ਜਿਵੇਂ ਅਸੀਂ ਅਗੇ ਚਲਕੇ ਵੇਖਾਂਗੇ ਇਹ ਨਿਸਚਾ ਮੁਗਲਾਂ ਤੋਂ ਪਿਛੋਂ ਆਏ ਸਮੂਹ ਹੁਕਮਰਾਨਾਂ ਦਾ ਰਿਹਾ ਹੈ। ਪਰ ਇਥੇ ਕੇਵਲ ਏਨਾ ਹੀ ਦਸਣਾ ਹੈ ਕਿ ਇਹ 50-55 ਸਾਲਾਂ ਦੇ ਸਮੇਂ ਅੰਦਰ ਸਿੱਖਾਂ ਦਾ ਗੁਰਦੁਆਰਿਆਂ ਨਾਲ ਕੇਵਲ ਇਤਨਾ ਕੁ ਸੰਬੰਧ ਹੀ ਸੀ ਕਿ ਉਹ ਹਨੇਰੇ ਸਵੇਰੇ ਚੋਰੀ-ਛਪੀ ਆ ਕੇ ਇਨਾਂ ਦੇ ਦਰਸ਼ਨ ਕਰ ਜਾਣ ਜਾਂ ਸਰੋਵਰ ਵਿਚ ਇਸ਼ਨਾਨ ਕਰ ਜਾਣ। ਇਸ ਤੋਂ ਵਧ ਇਨ੍ਹਾਂ ਦੀ ਸੇਵਾ ਸੰਭਾਲ ਜਾਂ ਪੂਜਾ ਪਾਠ ਬਾਰੇ ਉਨ੍ਹਾਂ ਨੂੰ ਨਾ ਕੁਝ ਪਤਾ ਸੀ ਅਤੇ ਨਾ ਉਹ ਅਜੇਹਾ ਕਰ ਹੀ ਸਕਦੇ ਸਨ। ਇਹ ਨਿਰੋਲ ਤੇ ਕੇਵਲ ਸੰਪਰਦਾਈ ਸਾਧੂਆਂ ਦੇ ਵੱਸ ਅਤੇ ਉਨ੍ਹਾਂ ਦੇ ਕਰਨ ਦੀ ਗੱਲ ਸੀ।

**(2)**

ਗੁਰਦੁਆਰਿਆਂ ਦੀ ਸੰਭਾਲ ਦਾ ਦੂਜਾ 75-80 ਸਾਲ ਦਾ ਸਿੱਖ ਮਿਸਲਾਂ ਦਾ ਸਮਾਂ ਸੀ। ਮਹਾਰਾਜਾ ਰਣਜੀਤ ਸਿੰਘ ਅਤੇ ਉਸ ਤੋਂ ਪਿਛੋਂ ਦੇ ਸਿੱਖ ਰਾਜ ਦਾ ਸਮਾਂ ਕਿਹਾ ਜਾ ਸਕਦਾ ਹੈ। ਸਿੱਖਾਂ ਲਈ ਇਹ ਵੱਡੇ ਘੋਲ ਦਾ ਸਮਾਂ ਸੀ। ਇਹ ਘੋਲ ਪਹਿਲੋਂ ਦੇਸ਼ ਦੀ ਹਕੂਮਤ ਵਿਰੁੱਧ ਸੀ ਅਤੇ ਫਿਰ ਜਦੋਂ ਇਹ ਸਿੱਖ ਜਥੇ ਜੋਰ ਫੜ ਚੁੱਕੇ ਤਾਂ ਪੰਚਾਇਤੀ ਤੌਰ ਤੇ ਆਪੋ ਆਪਣੇ ਰਜਵਾੜੇ ਕਾਇਮ ਕਰਨ ਦਾ ਆਹਰ ਕਰਦੇ ਰਹੇ। ਅਖੀਰ ਜਦੋਂ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਮਧ ਪੰਜਾਬ ਵਿਚ ਸਿੱਖ ਰਾਜ ਦੀ ਸਥਾਪਨਾ ਨਿਸਚੇ ਤੌਰ ਤੇ ਹੋ ਹੀ ਗਈ ਤਾਂ ਇਨ੍ਹਾਂ ਦਾ ਧਿਆਨ ਆਲੇ ਦੁਆਲੇ ਦੇ ਗੈਰ ਸਿੱਖ ਇਲਾਕਿਆਂ, ਯਥਾ ਮੁਲਤਾਨ ਕਸ਼ਮੀਰ, ਡੇਰਾ ਅਸਮੇਲ ਖਾਂ, ਕੋਹਾਟ, ਪਿਸ਼ਾਵਰ, ਜਮਰੌਦ ਅਤੇ ਉੱਤਰ ਵਿਚ ਲੇਹ ਅਤੇ

ਗਿਲਗਿਤ ਤੱਕ ਨੂੰ ਸਰੈ ਕਰਨ ਵੱਲ ਲੱਗਾ ਰਿਹਾ। ਇਤਨੇ ਘੋਰ ਘਤਮਸ ਅਤੇ ਸੰਗ੍ਰਾਮਾ ਅੰਦਰ ਰੁਝੇ ਹੋਇ ਭੀ ਗੁਰਦੁਆਰਿਆਂ ਪ੍ਰਤੀ ਇਨ੍ਹਾਂ ਦੀ ਸ਼ਰਧਾ ਤੇ ਪਿਆਰ ਇਸ ਗੱਲ ਤੋਂ ਸਪਸ਼ਟ ਹੁੰਦੇ ਹਨ ਕਿ ਜਦੋਂ ਤੇ ਜਿਥੇ ਭੀ ਇਨ੍ਹਾਂ ਦਾ ਵੱਸ ਚਲਿਆ। ਇਨ੍ਹਾਂ ਵਲੋਂ ਗੁਰਦੁਆਰੇ ਸਥਾਪਤ ਕਰਨ ਅਤੇ ਇਨ੍ਹਾਂ ਦੀ ਮਹੱਤਤਾ ਵਧਾਉਣ ਵੱਲ ਪੂਰਾ ਪੂਰਾ ਧਿਆਨ ਦਿੱਤਾ ਗਿਆ। ਸਿੱਖਾਂ ਦੀ ਸੁਮਿਲਤ ਫੌਜ ਵੱਲੋਂ ਦਿੱਲੀ ਦੀ ਜਿੱਤ ਮਗਰੋਂ ਸ੍ਰ: ਬਘੇਲ ਸਿੰਘ ਦਾ ਵਿਸ਼ੇਸ਼ ਕੰਮ ਦਿੱਲੀ ਦੇ ਗੁਰਦੁਆਰੇ ਸਥਾਪਤ ਕਰਨਾ ਹੀ ਬਣਿਆ, ਅਤੇ ਮਹਾਰਾਜਾ ਰਣਜੀਤ ਸਿੰਘ ਨੇ ਇਕ ਪੂਰਨ ਸ਼ਰਧਕ ਦੇ ਰੂਪ ਵਿਚ ਪੰਜਾਬ ਭਰ ਦੇ ਉਘੇ ਗੁਰਦੁਆਰਿਆਂ ਦੇ ਨਾਂ ਬੜੀਆਂ ਬੜੀਆਂ ਜਾਗੀਰਾਂ ਅਤੇ ਜ਼ਰਈ ਜ਼ਮੀਨਾਂ ਲਗਾ ਦੇਣ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ, ਅਕਾਲ ਤਖਤ ਸਾਹਿਬ, ਨਨਕਾਣਾ ਸਾਹਿਬ ਆਦਿ ਗੁਰਦੁਆਰਿਆਂ ਦੀ ਉਸਾਰੀ ਕਰਵਾਈ ਅਤੇ ਦਰਬਾਰ ਸਾਹਿਬ ਤੇ ਸੰਗਮਰਮਰ ਅਤੇ ਚਾਂਦੀ ਸੋਨੇ ਦੀ ਵਧ ਤੋਂ ਵਧ ਜੜਤ ਕਰਾਈ। ਪ੍ਰੰਤੂ ਇਹ ਸਭ ਕੁਝ ਕਰਕੇ ਭੀ ਗੁਰਦੁਆਰਿਆਂ ਦੇ ਅੰਦਰੂਨੀ ਪ੍ਰਬੰਧ ਤੇ ਮਰਿਯਾਦਾ ਅੰਦਰ ਕੋਈ ਦਖਲ ਨਹੀਂ ਦਿੱਤਾ, ਨਾ ਕਦੀ ਕਿਸੇ ਗੁਰਦੁਆਰੇ ਨੂੰ ਰਾਜ ਪ੍ਰਬੰਧ ਹੇਠ ਲੈਣ ਦਾ ਵਿਚਾਰ ਬਣਾਇਆ, ਬਲਕਿ ਮਹਾਰਾਜਾ ਰਣਜੀਤ ਸਿੰਘ ਹਮੇਸ਼ਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਇ ਹੁਕਮਨਾਮਿਆਂ ਦੇ ਸਾਮ੍ਹਣੇ ਸਿਰ ਝੁਕਾ ਦੇਂਦਾ ਰਿਹਾ। ਇਸ ਨੂੰ ਭਾਵੇਂ ਮਹਾਰਾਜਾ ਸਾਹਿਬ ਦੀ ਰਾਜਨੀਤਕ ਸਿਆਣਪ ਕਿਹਾ ਜਾਵੇ ਜਾਂ ਕੁਝ ਹੋਰ ਪਰ ਇਕ ਗੱਲ ਜ਼ਰੂਰ ਨਿਸਚੇ ਹੁੰਦੀ ਹੈ ਕਿ ਇਸ ਵੇਲੇ ਤਕ ਧਰਮ ਨੂੰ ਰਾਜਸੀ (Temporal) ਸੱਤਾ ਉਤੇ ਫਜ਼ੀਲਤ ਪ੍ਰਾਪਤ ਸੀ, ਵਿਸ਼ੇਸ਼ ਕਰਕੇ ਸਿੱਖ ਰਾਜ ਦੇ ਸਮੇਂ ਗੁਰਦੁਆਰੇ ਦਾ ਸਤਿਕਾਰ ਪਹਿਲੇ ਵਾਂਗ ਹੀ ਕਾਇਮ ਸੀ। ਪਰ ਸਿੱਖ ਰਾਜ ਨੇ ਭਾਵੇਂ ਗੁਰਦੁਆਰਿਆਂ ਅਤੇ ਸੰਬੰਧਤ ਗੁਰੂ ਦੇ ਲੰਗਰਾਂ ਹਿਤ ਰਾਖਵੀਆਂ ਕੀਤੀਆਂ ਜਾਗੀਰਾਂ ਤੇ ਜਾਇਦਾਦਾਂ ਰਾਹੀਂ ਇਨ੍ਹਾਂ ਦੀ ਮਾਲੀ ਦਸ਼ਾ ਕਾਫੀ ਚੰਗੀ ਬਣਾ ਦਿੱਤੀ ਸੀ ਪ੍ਰੰਤੂ ਇਨ੍ਹਾਂ ਦਾ ਅੰਦਰੂਨੀ ਪ੍ਰਬੰਧ ਤੇ ਪੂਜਾ ਪਾਠ ਪਹਿਲੇ ਵਾਂਗ ਹੀ ਸੰਪਰਦਾਈ ਅਥਵਾ ਉਦਾਸੀ ਤੇ ਨਿਰਮਲੇ ਸਾਧੂਆਂ ਦੇ ਹੱਥ ਵਿਚ ਰਿਹਾ ਸੀ, ਜਿਸ ਵਲ ਸਿੱਖ ਰਾਜ ਸਮੇਂ ਭੀ ਕੋਈ ਧਿਆਨ ਨਾ ਦਿੱਤਾ ਗਿਆ।

**(3)**

ਗੁਰਦੁਆਰਿਆਂ ਦੇ ਪ੍ਰਬੰਧ ਦਾ ਤੀਜਾ ਕਾਂਡ ਸੰਨ 1849 ਵਿਚ ਪੰਜਾਬ ਅੰਦਰ ਅੰਗਰੇਜ਼ ਰਾਜ ਸਥਾਪਤ ਹੋ ਜਾਣ ਤੋਂ ਅਰੰਭ ਹੁੰਦਾ ਹੈ ਅਤੇ ਇਸ ਦਾ ਸਮਾਂ ਲਗਭਗ 70 ਸਾਲ ਮਿਥਿਆ ਜਾ ਸਕਦਾ ਹੈ। ਅੰਗਰੇਜ਼ ਬਹੁਤ ਸਿਆਣਾ ਹੁਕਮਰਾਨ ਸੀ ਅਤੇ ਇਸ ਨੇ ਪੰਜਾਬ ਦਾ ਰਾਜ ਸੰਭਾਲਣ ਦੇ ਨਾਲ ਹੀ ਇਹ ਭਾਂਪ ਲਿਆ ਸੀ ਕਿ ਸ੍ਰੀ

ਅਕਾਲ ਤਖਤ ਅਤੇ ਹੋਰ ਮੁਖੀ ਸਿੱਖ ਗੁਰਦੁਆਰਿਆਂ ਦੀ ਹੋਂਦ ਅਤੇ ਸਿੱਖਾਂ ਦੇ ਸਮੁੱਚੇ ਤੌਰ ਤੇ ਇਨ੍ਹਾਂ ਨਾਲ ਡੂੰਘੇ ਸਤਿਕਾਰ ਵਾਲਾ ਸੰਬੰਧ, ਸਿੱਖ ਦੀ ਚੜ੍ਹਤ ਦੇ ਕਾਰਨ ਹਨ। ਦਸਿਆ ਜਾਂਦਾ ਹੈ ਕਿ ਇਸੇ ਦੌਰਾਨ ਇਕ ਵਾਰ ਬ੍ਰਿਟਿਸ਼ ਪਾਰਲੀਮੈਂਟ ਲੰਡਨ ਵਿਚ ਇਕ ਸਵਾਲ ਦੇ ਉਤਰ ਵਿਚ ਸੈਕ੍ਰੇਟਰੀ ਔਫ ਸਟੇਟ ਫਾਰ ਇੰਡੀਆ ਵਲੋਂ ਦਸਿਆ ਗਿਆ ਸੀ ਕਿ ਭਾਵੇਂ ਭਾਰਤ ਉਤੇ ਅੰਗਰੇਜ਼ ਦਾ ਪੂਰਾ ਰੋਹਬ ਬੈਠ ਗਿਆ ਹੈ ਪ੍ਰੰਤੂ ਅਗਰ ਕਿਸੇ ਸਮੇਂ ਕੋਈ ਖਤਰਾ ਹੋ ਸਕਦਾ ਹੈ ਤਾਂ ਉਹ ਕੇਵਲ ਸਿੱਖ ਕੌਮ ਪਾਸੋਂ ਹੀ ਹੈ, ਕਿਉਂਕਿ ਉਨ੍ਹਾਂ ਨੂੰ ਆਪੋ ਵਿਚ ਸੰਗਠਿਤ ਕਰੀ ਰਖਣ ਅਤੇ ਉਨ੍ਹਾਂ ਦੀ ਜ਼ਿੰਦਾ-ਦਿਲੀ ਤੇ ਚੜ੍ਹਦੀ ਕਲ੍ਹਾ ਦੇ ਕੁਝ ਅਜੇਹੇ ਸਾਧਨ ਉਨ੍ਹਾਂ ਪਾਸ ਮੌਜੂਦ ਹਨ ਜਿਨ੍ਹਾਂ ਨੂੰ ਖਤਮ ਕਰਨ ਲਈ ਸਮਾਂ ਚਾਹੀਦਾ ਹੈ। ਇਸ ਤੇ ਸਵਾਲ ਹੋਣ ਪਿੱਛੋਂ ਉਥੇ ਇਹ ਭੀ ਦਸਿਆ ਗਿਆ ਕਿ ਸਿੱਖਾਂ ਦੇ ਗੁਰਦੁਆਰੇ ਇਕ ਪ੍ਰਕਾਰ ਦੀ (State with in State) (ਮੁਲਕੀ ਰਾਜ ਪ੍ਰਬੰਧ ਦੇ ਅੰਦਰ ਇਕ ਵੱਖਰੀ ਰਾਜ ਸੱਤਾ) ਹਨ ਅਤੇ ਉਨ੍ਹਾਂ ਦਾ ਗੁਰਦੁਆਰਿਆਂ ਪਰ ਭਰੋਸਾ ਕਿਸੇ ਸਮੇਂ ਭੀ ਉਨ੍ਹਾਂ ਅੰਦਰ ਜਾਗ੍ਰਤੀ ਲੈ ਆਉਣ ਅਤੇ ਉਨ੍ਹਾਂ ਨੂੰ ਜਥੇਬੰਦ ਕਰ ਦੇਣ ਦਾ ਕਾਰਨ ਹੋ ਸਕਦਾ ਹੈ। ਚੁਨਾਂਚਿ ਅੰਗਰੇਜ਼ ਦੇ ਇਸ ਵਿਸ਼ਵਾਸ ਨੇ ਉਸ ਨੂੰ ਗੁਰਦੁਆਰਿਆਂ ਉਪਰ ਸਮੁੱਚੇ ਤੌਰ ਤੇ ਅਤੇ ਵਿਸ਼ੇਸ਼ ਕਰਕੇ ਸ੍ਰੀ ਹਰਿਮੰਦਰ ਅਤੇ ਸ੍ਰੀ ਅਕਾਲ ਤਖਤ ਪਰ ਸਖ਼ਤ ਨਿਗਾਹ ਰੱਖਣ ਲਈ ਮਜ਼ਬੂਰ ਕੀਤਾ। ਸਮੁਚੇ ਤੌਰ ਤੇ ਹੀ ਮਹੰਤ ਅਤੇ ਪੁਜਾਰੀ ਸ਼ਰੇਣੀ ਨੂੰ ਆਪਣੇ ਹੱਥਾਂ ਵਿਚ ਰਖਣ ਦੀ ਪਾਲਿਸੀ ਅੰਗਰੇਜ਼ ਸਰਕਾਰ ਨੇ ਅਪਨਾਈ ਰੱਖੀ ਅਤੇ ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਆਦਿਕ ਕੇਂਦਰੀ ਅਸਥਾਨ ਦਾ ਪ੍ਰਬੰਧ ਤਾਂ ਸਿੱਧਾ ਹੀ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਹਥ ਵਿਚ, ਸਰਕਾਰੋਂ ਥਾਪੇ ਇਕ ਸਰਬਰਾਹ ਦੇ ਅਧੀਨ ਰਖਿਆ ਗਿਆ ਅਤੇ ਜਦੋਂ ਭੀ ਲੋੜ ਪਈ ਇਨ੍ਹਾਂ ਨੂੰ ਸਰਕਾਰ ਦੀ ਨਿਜ ਮਤਲਬ ਸਿਧੀ ਲਈ ਅਤੇ ਸਿੱਖ ਦੀ ਕੌਮੀ ਅਣਖ ਨੂੰ ਸੁਲਾਈ ਰਖਣ ਹਿਤ ਵਰਤਿਆ ਗਿਆ। ਮਿਸਾਲ ਦੇ ਤੌਰ ਤੇ ਜਦੋਂ ਅੰਗਰੇਜ਼ ਸ੍ਰਕਾਰ ਨੇ ਸੰਨ 1914 ਵਿਚ ਬਜ-ਬਜ ਦੇ ਘਾਟ ਤੇ ਗੁਰੂ ਨਾਨਕ ਜਹਾਜ਼ (ਕਾਮਾਗਾਟਾਮਾਰੂ) ਦੇ ਸਿੱਖ ਮਸਾਫਰਾਂ ਨੂੰ ਗੋਲੀ ਨਾਲ ਭੁੰਨ ਸੁਟਿਆ ਤਾਂ ਸਿੱਖ ਜਨਤਾ ਦੇ ਜੋਸ਼ ਨੂੰ ਠੰਡਾ ਕਰਨ ਲਈ ਸ੍ਰੀ ਅਕਾਲ ਤਖਤ ਤੋਂ ਸਰਬ੍ਰਾਹ ਅਰੂੜ ਸਿੰਘ ਦੇ ਦਸਖਤੀਂ ਇਕ ਹੁਕਮਨਾਮਾ ਜਾਰੀ ਕਰਕੇ ਪ੍ਰਗਟ ਕੀਤਾ ਗਿਆ ਕਿ ਬਜਬਜ ਦੇ ਘਾਟ ਉੱਤੇ ਗੋਲੀ ਨਾਲ ਮਰਨ ਵਾਲੇ ਲੋਕ ਸਿੱਖ ਨਹੀਂ ਸਨ। ਇਸੇ ਤਰ੍ਹਾਂ ਸੰਨ 1919 ਵਿਚ ਜਲਿਆਂ ਵਾਲੇ ਬਾਗ ਦਾ ਸਾਕਾ ਕਰਨ ਵਾਲੇ ਜਨਰਲ ਡਾਇਰ ਦੀ ਪਰਸੰਸਾ ਵਜੋਂ ਉਸ ਨੂੰ ਸ੍ਰੀ ਹਰਿਮੰਦਰ ਸਾਹਿਬ ਤੋਂ ਸਿਰੋਪਾ ਦਿੱਤਾ ਗਿਆ।

ਗੁਰਦੁਆਰਿਆਂ ਸੰਬੰਧੀ ਅੰਗਰੇਜ਼ ਸ੍ਰਕਾਰ ਦੀ ਅਜੇਹੀ ਨੀਤੀ ਦਾ ਸਬੂਤ ਉਸ ਸਮੇਂ ਦੇ ਪੰਜਾਬ ਦੇ ਲੈ. ਗਵਰਨਰ (R. E. Egerton) ਦੀ ਉਹ ਚਿੱਠੀ ਹੈ ਜੋ ਉਸ ਨੇ ਹਿੰਦ ਦੇ ਵਾਈਸਰਾਇ ਨੂੰ 8 ਅਗਸਤ 1881 ਨੂੰ ਲਿਖ ਕੇ ਇਹ ਸੁਝਾਓ ਦਿੱਤਾ ਕਿ ਗੁਰਦੁਆਰਿਆਂ ਦੇ ਪ੍ਰਬੰਧ ਸੰਬੰਧੀ ਅੰਗਰੇਜ਼ ਵਲੋਂ ਚਾਲੂ ਕੀਤੀ ਪਾਲਿਸੀ ਵਿਚ ਕੋਈ ਤਬਦੀਲੀ ਨਾ ਲਿਆਂਦੀ ਜਾਵੇ। ਉਸ ਚਿੱਠੀ ਦੇ ਸ਼ਬਦ ਇਹ ਸਨ :

My dear Lord Rippon.

I think it would be politically dangerous to allow the artrangement of Sikh temples to fall into the hands of a committtee emancipated from government control, and I trust your Excellency will assist to pass such orders in the case as will enable to continue the system which has worked out successfully for more than thirty years. (Simla 8 August 1881) Believe me, yours sincerely R. E. Egerton Lt. governor. Panjab.

"ਮੇਰੇ ਖਿਆਲ ਵਿਚ ਇਹ ਗੱਲ ਰਾਜਨੀਤਕ ਤੌਰ ਤੇ ਖਤਰਨਾਕ ਹੋਵੇਗੀ ਕਿ ਸਿੱਖ ਧਰਮ ਅਸਥਾਨਾਂ ਦਾ ਪ੍ਰਬੰਧ ਕਿਸੇ ਅਜੇਹੀ ਕਮੇਟੀ ਦੇ ਹਥ ਵਿਚ ਚਲਾ ਜਾਵੇ ਜਿਸ ਉਪਰ ਸ੍ਰਕਾਰ ਦਾ ਕੰਟਰੋਲ ਨਾ ਹੋਵੇ। ਮੈਨੂੰ ਭਰੋਸਾ ਹੈ ਕਿ ਸ੍ਰੀ ਹਜ਼ੂਰ ਵਾਈਸਰਾਇ ਸਾਹਿਬ ਇਸ ਸੰਬੰਧੀ ਅਜੇਹਾ ਹੁਕਮ ਜਾਰੀ ਕਰ ਦੇਣਗੇ, ਜਿਸ ਦੁਆਰਾ ਪਿਛਲੇ ਤੀਹ ਸਾਲਾਂ ਤੋਂ ਵਧ ਸਮੇਂ ਦਾ ਸਫਲਤਾ ਪੂਰਬਕ ਚਲ ਰਿਹਾ ਪ੍ਰਬੰਧ ਹੀ ਜਾਰੀ ਰਹਿ ਸਕੇ।"

('ਅਕਾਲੀ ਮੋਰਚੇ ਤੇ ਝੱਬਰ' ਦੂਜੀ ਐਡੀਸ਼ਨ ਦਾ ਸਫਾ 18)

ਸੰਨ 1849 ਤੋਂ ਪਿਛੋਂ ਪੰਜਾਬ ਅੰਦਰ ਲਗਾਤਾਰ 60-70 ਸਾਲ ਦੇ ਅਮਨ ਦੇ ਰਾਜ ਨੇ ਦੇਸ਼ ਦੀ ਆਮਦਨੀ ਵਧਾਉਣ ਦੇ ਕਈ ਸਾਧਨ ਪੈਦਾ ਕਰ ਦਿੱਤੇ ਸਨ ਯਥਾ ਸ਼ਹਿਰਾਂ ਵਿਚ ਮਨੁੱਖਾਂ ਦੀ ਆਵਾਜਾਈ ਤੇ ਤਾਲਮੇਲ ਦੇ ਸਾਧਨ ਵਧ ਜਾਣੇ, ਨਹਿਰਾਂ ਰਾਹੀਂ ਜ਼ਰਈ ਜ਼ਮੀਨਾਂ ਦੀ ਸਿੰਚਾਈ ਦਾ ਚਾਲੂ ਹੋਣਾ, ਨਵੀਆਂ ਅਨਾਜ ਤੇ ਵਪਾਰ ਮੰਡੀਆਂ ਦਾ ਬਣ ਜਾਣਾ ਅਤੇ ਨਵੀਆਂ ਬਾਰਾਂ ਦਾ ਆਬਾਦ ਹੋਣਾ ਅਤੇ ਇਹਨਾਂ ਦੇ ਨਾਲ ਹੀ ਗੁਰਦੁਆਰਿਆਂ ਦੀਆਂ ਆਮਦਨਾਂ ਦਾ ਵਧ ਜਾਣਾ, ਜਿਸ ਨੇ ਇਨ੍ਹਾਂ ਦੇ ਮਹੰਤਾਂ ਤੇ ਪੁਜਾਰੀਆਂ ਦੇ ਰਹਿਣ-ਸਹਿਣ ਵਿਚ ਤਬਦੀਲੀ ਲੈ ਆਂਦੀ, ਅਤੇ ਉਹ ਸਾਰੀਆਂ ਊਣਤਾਈਆਂ ਤੇ ਭ੍ਰਿਸ਼ਟਾਚਾਰ ਜੋ ਧਨ ਪਦਾਰਥ ਦੇ ਵਾਧੇ ਨਾਲ ਪੈਦਾ ਹੋ ਜਾਇਆ ਕਰਦੇ ਹਨ: ਇਹਨਾਂ ਵਿਚ ਭੀ ਆਉਣੇ ਸ਼ੁਰੂ ਹੋ ਗਏ। ਇਹ ਤਬਦੀਲੀ ਅੰਗਰੇਜ਼

ਸੂਕਾਰ ਦੀ ਗੁਰਦੁਆਰਿਆਂ ਬਾਰੇ ਨੀਤੀ ਨੂੰ ਫਲੀਭੂਤ ਕਰਨ ਲਈ ਸਹਾਇਕ ਬਣੀ ਅਤੇ ਸਿੱਖੀ ਜੀਵਨ ਦੇ ਸੋਮਿਆਂ ਨੂੰ ਗੰਦਲਾ ਹੁੰਦਾ ਵੇਖ ਸਰਕਾਰ ਨੇ ਖੁਸ਼ੀ ਮਨਾਈ। ਬਲਕਿ ਹਰ ਸੰਭਵ ਤਰੀਕੇ ਨਾਲ ਮਹੰਤਾਂ ਤੇ ਪੁਜਾਰੀਆਂ ਨੂੰ ਸਰਕਾਰੋਂ ਸ਼ਹਿ ਮਿਲੀ ਜਿਸ ਨੇ ਗੁਰਦੁਆਰਿਆਂ ਅੰਦਰ ਸੰਗਤਾਂ ਦੇ ਜੋੜ ਮੇਲਿਆਂ ਦੇ ਵਿਖਾਵੇ ਹੇਠ ਭ੍ਰਿਸ਼ਟਾਚਾਰ ਨੂੰ ਹੋਰ ਤਿੱਖਾ ਕਰ ਦਿੱਤਾ।

ਇਸ ਦੇ ਨਾਲ, ਬਲਕਿ ਇਸ ਤੋਂ ਵੀ ਪਹਿਲੋਂ ਇਕ ਹੋਰ ਗੱਲ ਜੋ ਗੁਰਦੁਆਰਿਆਂ ਅੰਦਰ ਵਾਪਰੀ ਉਹ ਇਨ੍ਹਾਂ ਦੀ ਅੰਦਰਲੀ ਮਰਯਾਦਾ ਅਤੇ ਪੂਜਾ ਪਾਠ ਵਿਚ ਆ ਰਹੀ ਤਬਦੀਲੀ ਸੀ। ਲਗਭਗ ਦੋ ਸੌ ਸਾਲ ਤੋਂ ਗੁਰਦੁਆਰੇ ਉਨ੍ਹਾਂ ਸੰਪਰਦਾਈ ਸਾਧੂਆਂ ਦੇ ਪ੍ਰਬੰਧ ਹੇਠ ਚਲੇ ਆ ਰਹੇ ਸਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਸਤਿਕਾਰ ਰਖਦੇ ਹੋਏ ਭੀ ਇਕ ਪੂਜਯ ਦੇਵ ਦੇ ਰੂਪ ਵਿਚ ਹੀ ਵੇਖਦੇ ਸਨ। ਇਸ ਦਾ ਸਿੱਟਾ ਇਹ ਹੋਇਆ ਕਿ ਭਾਵੇਂ ਗੁਰਦੁਆਰਿਆਂ ਵਿਚ ਪ੍ਰਕਾਸ਼ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੁੰਦਾ ਰਿਹਾ ਪ੍ਰੰਤੂ ਬਾਕੀ ਸਾਰੀ ਰਹੁ ਰੀਤ ਹਿੰਦੂ ਮੂਰਤੀ ਪੂਜਾ ਵਾਲੀ ਹੋ ਗਈ। ਬਲਕਿ ਗੁਰੂ ਨਾਨਕ ਸਾਹਿਬ ਅਤੇ ਹੋਰ ਗੁਰੂ ਸਾਹਿਬਾਨ ਦੇ ਬੁੱਤ ਤੇ ਮੂਰਤੀਆਂ ਰਖੀਆਂ ਜਾਣ ਲਗੀਆਂ ਅਤੇ ਹਿੰਦੂ ਵਿਧੀ ਅਨੁਸਾਰ ਇਨ੍ਹਾਂ ਨੂੰ ਭੋਗ ਲਗਵਾਉਣੇ, ਆਰਤੀ, ਧੂਪ ਦੀਪ ਕਰਨੇ ਸ਼ੁਰੂ ਹੋ ਗਏ ਅਤੇ ਗੁਰਮਤਿ ਮਰਯਾਦਾ ਨੂੰ ਦੂਜੀ ਥਾਂ ਭੀ ਪ੍ਰਾਪਤ ਨਾ ਰਹੀ।

ਸਾਧਾਰਨ ਮਨੁੱਖ, ਸਾਧ ਸੰਪਰਦਾ ਅਤੇ ਇਨ੍ਹਾਂ ਦੇ ਭੇਖ ਦਾ ਬਹੁਤ ਕਾਇਲ ਰਿਹਾ ਹੈ ਅਤੇ ਹੁਣ ਭੀ ਹੈ, ਅਤੇ ਅਜੇਹੇ ਸਾਧੂ ਆਮ ਤੌਰ ਤੇ ਭੋਲੇ ਲੋਕਾਂ ਦੀ ਸਾਧਾਰਨ ਸੂਝ ਦਾ ਨਾਜਾਇਜ਼ ਲਾਭ ਲੈਂਦੇ ਹਨ। ਫਿਰ ਜਦੋਂ ਇਹ ਧਰਮ ਦੇ ਮੁਖ ਅਸਥਾਨਾਂ ਦੇ ਪੁਜਾਰੀ ਅਤੇ ਮਹੰਤਾਂ ਦੀ ਪਦਵੀ ਨੂੰ ਪ੍ਰਾਪਤ ਹੋਏ ਹੋਣ ਤਾਂ ਆਮ ਜਨਤਾ ਦੇ ਮਨਾਂ ਉਪਰ ਇਨ੍ਹਾਂ ਦਾ ਸਤਿਕਾਰ ਭਰਿਆ ਭੈ ਛਾ ਜਾਣਾ ਸੁਭਾਵਕ ਗੱਲ ਹੁੰਦੀ ਹੈ। ਸੋ ਆਮ ਸਿੱਖ ਮਨਾਂ ਪਰ ਇਨ੍ਹਾਂ ਸੰਪਰਦਾਈ ਸਾਧੂਆਂ ਦਾ, ਜਿਨ੍ਹਾਂ ਦੇ ਹੱਥ ਵਿਚ ਪਵਿਤਰ ਗੁਰਦੁਆਰਿਆਂ ਦੇ ਪੂਜਾ ਪਾਠ ਦੀ ਸੰਭਾਲ ਸੀ, ਬਹੁਤ ਜ਼ਿਆਦਾ ਪ੍ਰਭਾਵ ਸੀ ਅਤੇ ਕੋਈ ਰਹੁ ਰੀਤ, ਜੋ ਇਹ ਗੁਰਦੁਆਰਿਆਂ ਅੰਦਰ ਚਾਲੂ ਕਰਦੇ, ਆਮ ਸਿੱਖਾਂ ਲਈ ਉਹੋ ਹੀ ਗੁਰਮਤਿ ਸਮਝੀ ਜਾਂਦੀ ਅਤੇ ਇਸ ਤਰ੍ਹਾਂ ਇਨ੍ਹਾਂ ਵਲੋਂ ਕੀਤੀ ਦੋ ਸੌ ਸਾਲ ਦੀ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦੇ ਲਗਭਗ ਸਮੂਹ ਬ੍ਰਾਹਮਣ ਰੀਤਾਂ, ਵਰਣ ਵੰਡ, ਜ਼ਾਤ ਪਾਤ ਦੇ ਵਿਤਕਰੇ ਅਤੇ ਛੂਤ-ਛਾਤ ਦਾ ਪ੍ਰਵੇਸ਼ ਗੁਰਦੁਆਰਿਆਂ ਅੰਦਰ ਕਰ ਦਿੱਤਾ, ਜਿਸ ਨੂੰ ਸਿੱਖ ਜਨਤਾ ਨੇ ਸਮੂਚੇ ਤੌਰ ਤੇ ਅਗਿਆਨਤਾ ਵੱਸ ਸਵੀਕਾਰ ਕਰ ਲਿਆ ਅਤੇ ਗੁਰਦੁਆਰੇ, ਜੋ ਸਿੱਖੀ ਚਲਨ, ਰਹੁ ਰੀਤ ਦੇ ਮਰਯਾਦਾ

ਦੇ ਸੋਮੇ ਸਨ, ਬ੍ਰਾਹਮਣੀ ਪੂਜਾ ਅਸਥਾਨ ਬਣ ਗਏ। ਕੇਵਲ ਏਨਾ ਕੁ ਫਰਕ ਸੀ ਕਿ ਇਥੇ ਮੂਰਤੀਆਂ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਭੀ ਹੁੰਦਾ ਸੀ।

ਗੁਰਮਤਿ ਅੰਦਰ ਬ੍ਰਾਹਮਣੀ ਮਰਯਾਦਾ ਅਤੇ ਇਨ੍ਹਾਂ ਦਾ ਦਿਨੋ ਦਿਨ ਵਧਦਾ ਪ੍ਰਭਾਵ ਇਕ ਮੁਖ ਕਾਰਨ ਸੀ, ਉਸ ਜਾਗਰਤ ਦੇ ਪੈਦਾ ਕਰਨ ਦਾ, ਜੋ ਪਹਿਲੋਂ ਜਗਯਾਸੀ, ਅਭਿਆਸੀ, ਨਾਮਧਾਰੀ ਅਤੇ ਫਿਰ ਸਿੰਘ ਸਭਾ ਲਹਿਰ ਦੇ ਨਾਵਾਂ ਹੇਠ ਜਨਮੀਆਂ ਅਤੇ ਜਿਨ੍ਹਾਂ ਨੇ ਗੁਰਮਤਿ ਨੂੰ ਮੁੜ ਸੁਰਜੀਤ ਕਰਨ ਵਿਚ ਆਪਣੇ ਆਪਣੇ ਵਿਤ ਅਨੁਸਾਰ ਹਿੱਸਾ ਪਾਇਆ। ਇਨ੍ਹਾਂ ਲਹਿਰਾਂ ਨੇ ਆਮ ਜਨਤਾ (Sikh masses) ਵਿਚ ਭੀ ਕਾਫੀ ਜਾਗ੍ਰਤ ਲਿਆਂਦੀ, ਭਾਵੇਂ ਹਰ ਇਕ ਦਾ ਦ੍ਰਿਸ਼ਟੀਕੋਣ ਆਪਣਾ ਆਪਣਾ ਸੀ। ਸਿੰਘ ਸਭਾ ਲਹਿਰ ਦੀ ਵਿਸ਼ਾਲਤਾ, ਸੰਗਠਨ ਅਤੇ ਇਸ ਦੇ ਅੰਦਰ ਵਿਦਿਆ ਅਤੇ ਗੁਰਬਾਣੀ ਦੀ ਖੋਜ ਪਖ ਵਧੇਰੇ ਉਜਾਗਰ ਹੋਣ ਕਰਕੇ ਇਸ ਨੂੰ ਅਸੀਂ ਸਿੱਖੀ ਦੀ ਪੁਨਰ-ਜਾਗ੍ਰਤੀ ਦੀ ਲਹਿਰ ਕਹਿ ਸਕਦੇ ਹਾਂ ਅਤੇ ਇਸ ਦਾ ਛੂਤ-ਛਾਤ ਅਤੇ ਜਾਤੀ ਭਿੰਨ-ਭੇਦ ਮਿਟਾਉਣ ਵੱਲ ਪੁਟਿਆ ਕਦਮ ਸਿੱਖੀ ਦ੍ਰਿਸ਼ਟੀਕੋਣ ਤੋਂ ਵੱਡਾ ਸ਼ਲਾਘਾ ਯੋਗ ਸੀ। ਉਨ੍ਹਾਂ ਦਾ ਇਹ ਕਦਮ, ਜੋ ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਵਿਚ 'ਸ਼ੁੱਧੀ ਪ੍ਰਚਾਰ' ਦੇ ਨਾਮ ਹੇਠ ਮਸ਼ਹੂਰ ਹੋਇਆ, ਗੁਰਦੁਆਰਾ ਸੁਧਾਰ ਲਹਿਰ ਦਾ ਫੌਰੀ ਕਾਰਣ ਸਮਝਿਆ ਜਾ ਸਕਦਾ ਹੈ। ਭਾਵੇਂ ਇਸ ਦੇ ਮੁਖ ਕਾਰਣ ਗੁਰਦੁਆਰਿਆਂ ਦੇ ਮਹੰਤਾਂ ਤੇ ਪੁਜਾਰੀਆਂ ਦੀ ਆਚਰਨ ਹੀਨਤਾ ਤੇ ਭ੍ਰਿਸ਼ਟਾਚਾਰ, ਗੁਰਦੁਆਰਿਆਂ ਦੀਆਂ ਜਾਇਦਾਦਾਂ ਨੂੰ ਬਰਾਬਦ ਕਰਨਾ ਅਤੇ ਵੇਚ ਵਟ ਖਾਣ ਦੇ ਰਾਹ ਪੈਣਾ ਅਤੇ ਸਿੱਖੀ ਮਰਯਾਦਾ ਛਡਕੇ ਬ੍ਰਹਿਮਣੀ ਰਹੁ ਰੀਤ ਦਾ ਗੁਰਦੁਆਰਿਆਂ ਅੰਦਰ ਪ੍ਰਵੇਸ਼ ਹੋ ਜਾਣਾ ਹੀ ਸਨ। ਗੁਰਦੁਆਰਿਆਂ ਦੇ ਪ੍ਰਬੰਧ ਤੇ ਜਾਇਦਾਦ ਦੀ ਸੰਭਾਲ ਸੰਬੰਧੀ ਥੋੜੀ ਬਹੁਤ ਹਿੱਲ ਜੁੱਲ ਇਸ ਤੋਂ ਪਹਿਲੋਂ ਵੀ ਗੁਰਦੁਆਰਾ ਰਕਾਬ ਗੰਜ, ਦਿੱਲੀ, ਆਦਿਕ ਕਈ ਥਾਈਂ ਹੋਈ ਸੀ, ਪ੍ਰੰਤੂ 12 ਅਕਤੂਬਰ ਸੰਨ 1920, ਜਿਸ ਦਿਨ ਰਵਦਾਸੀਆਂ ਵਿਚੋਂ ਨਵੇਂ ਸਜੇ ਸਿੰਘ ਕੜਾਹ ਪ੍ਰਸ਼ਾਦ ਦੀ ਦੇਗ ਭੇਟ ਕਰਨ ਲਈ ਸ੍ਰੀ ਹਰਮਿੰਦਰ ਸਾਹਿਬ ਪੁੱਜੇ, ਅਤੇ ਭਾਵੇਂ ਪੁਜਾਰੀ ਇਹ ਭੇਟ ਸਵੀਕਾਰ ਕਰਨ ਨੂੰ ਤਿਆਰ ਨਹੀਂ ਸਨ ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਹ ਹੁਕਮ ਮਿਲਣ ਪਰ ਕਿ **'ਨਿਗੁਣਿਆਂ ਨੂੰ ਆਪੇ ਬਖਸ਼ਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ'** ਉਨ੍ਹਾਂ ਨੂੰ ਇਹ ਦੇਗ ਪ੍ਰਵਾਨ ਕਰਨੀ ਪਈ। ਉਪਰੰਤ ਜਦ ਇਹੋ ਸੱਜਣ ਨਵੀਂ ਦੇਗ ਲੈ ਕੇ ਸ੍ਰੀ ਅਕਾਲ ਤਖਤ ਸਾਹਿਬ ਪੁਜੇ ਅਤੇ ਤਖਤ ਨੂੰ ਪੁਜਾਰੀਆਂ ਤੋਂ ਸੱਖਣਾ ਵੇਖਿਆ ਤਾਂ ਸ੍ਰ: ਕਰਤਾਰ ਸਿੰਘ ਝੱਬਰ ਦੀ ਲੀਡ ਅਤੇ ਸੁਝਾਉ ਅਧੀਨ, ਸਿੰਘਾਂ ਨੇ ਆਪਣੇ ਸੇਵਾਦਾਰ, ਸ੍ਰ: ਤੇਜਾ ਸਿੰਘ ਭੁੱਚਰ ਦੀ ਜਥੇਦਾਰੀ ਹੇਠ ਅਕਾਲ ਤਖਤ ਤੇ ਨਿਯੁਕਤ

ਕਰ ਦਿੱਤੇ। ਉਸ ਦਿਨ ਤੋਂ ਅਕਾਲ ਤਖਤ ਦੀ ਸੇਵਾ ਸਿੰਘਾਂ ਨੇ ਸੰਭਾਲ ਲਈ। ਭਾਵੇ ਕਈ ਲੋਕਲ ਕਾਰਨਾਂ ਕਰਕੇ ਗੁ: ਬਾਬੇ ਦੀ ਬੇਰ ਸਿਆਲਕੋਟ ਦਾ ਪ੍ਰਬੰਧ ਇਸ ਤੋਂ ਪਹਿਲੋਂ ਸਿੱਖ ਸੰਗਤਾਂ ਵਲੋਂ ਕਮੇਟੀ ਦੇ ਹਥ ਆ ਚੁਕਾ ਸੀ। ਗੁਰਦੁਆਰਾ ਪ੍ਰਬੰਧ ਹਿਤ ਪੰਥਕ ਜਥੇਬੰਦੀ ਸਥਾਪਤ ਕੀਤੇ ਜਾਣ ਦਾ ਵਿਚਾਰ 12 ਅਕਤੂਬਰ 1920, ਜਿਸ ਦਿਨ ਸ੍ਰੀ ਅਕਾਲ ਤਖਤ ਸਾਹਿਬ ਤੇ ਕਬਜ਼ਾ ਹੋਇਆ, ਨੂੰ ਹੀ ਬਣ ਗਿਆ ਸੀ, ਜਿਸਦੇ ਫਲਸਰੂਪ 15 ਨਵੰਬਰ, 1920 ਦਾ ਏਥੇ ਹੀ ਹੋਇਆ ਉਹ ਪੰਥਕ ਇਕੱਠ ਸੀ ਜਿਸ ਵਿਚ ਜ਼ਿਲੇਵਾਰ ਮੈਂਬਰਾਂ ਦੀ ਗਿਣਤੀ ਨੀਯਤ ਕੀਤੇ ਜਾਣ ਮਗਰੋਂ 175 ਸਿੰਘਾਂ ਦੀ ਪਹਿਲੀ ਪੰਥਕ ਕਮੇਟੀ ਬਣੀ। ਇਸ਼ ਦਾ ਨਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ ਗਿਆ। ਇਸਦੇ ਹਰ ਮੈਂਬਰ ਵਾਸਤੇ ਅੰਮ੍ਰਿਤਧਾਰੀ ਪੰਜ ਬਾਣੀਆਂ ਦਾ ਨਿਤਨੇਮੀ, ਪੰਜ ਕਕਾਰ ਦਾ ਧਾਰਨੀ, ਚਾਰ ਕੁਰਹਿਤਾਂ ਤੋਂ ਬਚਿਆ ਹੋਣਾ, ਅਤੇ ਦਸਵੰਧ ਦੇਣਾ ਤੇ ਅੰਮ੍ਰਿਤ ਵੇਲੇ ਉਠਣ ਦਾ ਅਭਿਆਸੀ ਹੋਣਾ, ਜ਼ਰੂਰੀ ਸ਼ਰਤਾਂ ਸਨ। ਇਸ ਤੋਂ ਪਹਿਲੋਂ ਕਿਤਨੇ ਸਾਲ ਕਈ ਗੁਰਦੁਆਰਿਆਂ ਸੰਬੰਧੀ ਆਪੋ ਆਪ ਅਦਾਲਤੀ ਕਾਰਵਾਈ ਕਰਕੇ ਇਹ ਵੇਖਿਆ ਜਾ ਚੁੱਕਾ ਸੀ ਕਿ ਕਾਨੂੰਨੀ ਸਾਧਨਾਂ ਰਾਹੀਂ ਗੁਰਦੁਆਰਿਆਂ ਦੇ ਪੰਥਕ ਕਮੇਟੀ ਨੇ ਕਾਨੂੰਨੀ ਚਾਰਾਜੋਈ ਦਾ ਰਾਹ ਛਡ ਕੇ ਇਸ ਕੰਮ ਨੂੰ ਸਿੱਧਾ ਆਪਣੇ ਹਥ ਵਿਚ ਲੈਣ (Direct action) ਦਾ ਫੈਸਲਾ ਕੀਤਾ ਅਤੇ ਇਸ ਤੋਂ ਪਿਛੋਂ ਜਥੇ ਭੇਜ ਕੇ ਗੁਰਦੁਆਰਿਆਂ ਨੂੰ ਪੰਥਕ ਪ੍ਰਬੰਧ ਹੇਠ ਲਿਆਉਣਾ ਅਰੰਭਿਆ। ਚੁਨਾਂਚਿ ਗੁ: ਪੰਜਾ ਸਾਹਿਬ, ਗੁ: ਸੱਚਾ ਸੌਦਾ (ਚੂਹੜਕਾਣਾ), ਅਤੇ ਗੁ: ਤਰਨਤਾਰਨ ਸਾਹਿਬ ਤੇ ਕਬਜ਼ੇ ਕਰ ਲਏ ਗਏ।

**ਗੁਰਦੁਆਰਾ ਗੁਰੂ ਕਾ ਬਾਗ :**

ਅੰਮ੍ਰਿਤਸਰ ਤੋਂ ਅਜਨਾਲੇ ਨੂੰ ਜਾਂਦੀ ਸੜਕ ਪਰ ਅੰਮ੍ਰਿਤਸਰ ਤੋਂ 13-14 ਮੀਲ ਦੂਰ ਅਤੇ ਸੜਕ ਤੋਂ ਥੋੜਾ ਲਾਂਭੇ ਪਿੰਡ ਘੁਕੇਵਾਲੀ ਰੋੜ ਜ਼ਿਲਾ ਅੰਮ੍ਰਿਤਸਰ ਦੀ ਜੂਹ ਵਿਚ ਗੁਰਦੁਆਰਾ ਗੁਰੂ ਕਾ ਬਾਗ ਸਥਿਤ ਹੈ। ਇਥੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਫਿਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਚਰਨ ਪਾਏ ਸਨ ਜਿਨ੍ਹਾਂ ਦੀ ਯਾਦ ਵਿਚ ਦੋ ਗੁਰਦੁਆਰੇ ਬਣੇ ਹੋਏ ਹਨ। ਗੁਰਦੁਆਰਿਆਂ ਦੇ ਲਾਗੇ ਗੁਰਦੁਆਰੇ ਦੀ ਮਲਕਅਤ ਕੁਝ ਜ਼ਮੀਨ ਹੈ ਜੋ ਕਿਸੇ ਸਮੇਂ ਬਾਗ ਸੀ ਪਰ ਜਦੋਂ ਦੀ ਵਰਤੀ ਘਟਨਾ ਦਾ ਜ਼ਿਕਰ ਇਸ ਲੇਖ ਵਿਚ ਕੀਤਾ ਜਾ ਰਿਹਾ ਹੈ, ਇਹ ਜ਼ਮੀਨ ਗੈਰ ਆਬਾਦ ਬੰਜਰ ਸੀ, ਜਿਸ ਵਿਚ ਟਾਂਵੇਂ ਟਾਂਵੇਂ ਕਿੱਕਰ ਦੇ ਰੁੱਖ ਖੜੇ ਸਨ। ਇਸ ਗੁਰਦੁਆਰੇ ਦਾ ਮਹੰਤ ਸੁੰਦਰ ਦਾਸ ਆਪਣੀਆਂ ਬਦਚਲਨੀਆਂ ਕਾਰਨ ਇਲਾਕੇ ਵਿਚ ਬਹੁਤ ਬਦਨਾਮ ਸੀ। ਉਸ ਨੇ ਕਈ ਬਦਚਲਨ ਔਰਤਾਂ ਰੱਖੀਆਂ ਹੋਈਆਂ ਸਨ। ਚੁਨਾਂਚਿ ਗੁਰਦੁਆਰਾ ਤਰਨ

ਤਾਰਨ ਦਾ 26 ਜਨਵਰੀ, 1921 ਨੂੰ ਕਬਜ਼ਾ ਹੋ ਜਾਣ ਮਗਰੋਂ ਉਸ ਇਲਾਕੇ ਦੀਆਂ ਸੰਗਤਾਂ ਦੇ ਜ਼ੋਰ ਦੇਣ ਤੇ ਮਿਤੀ 31-1-21 ਨੂੰ ਪੰਜਾਹ ਸਿੰਘਾਂ ਦਾ ਜਥਾ ਸ੍ਰ: ਕਰਤਾਰ ਸਿੰਘ ਝੱਬਰ ਦੀ ਜਥੇਬੰਦੀ ਹੇਠ ਗੁਰੂ ਕੇ ਬਾਗ ਘੁਕੇਵਾਲੀ ਰੋੜ ਪੁੱਜ ਗਿਆ। ਇਲਾਕੇ ਦੇ ਕੁਝ ਸਿੰਘ ਇਥੇ ਪਹਿਲੇ ਹੀ ਪੁੱਜੇ ਹੋਏ ਸਨ ਅਤੇ ਜਦੋਂ ਝੱਬਰ ਜੀ ਦਾ ਜਥਾ ਰਾਜਾਸਾਂਸੀ ਤੋਂ ਪੈਦਲ ਗੁਰੂ ਕੇ ਬਾਗ ਨੂੰ ਰਵਾਨਾ ਹੋਇਆ ਤਾਂ ਆਲੇ ਦੁਆਲੇ ਦੇ ਪਿੰਡਾਂ ਦੇ ਹੋਰ ਕਈ ਸਿੰਘਾਂ ਦੇ ਜਥੇ ਨਾਲ ਰਲਦੇ ਗਏ ਅਤੇ ਸ਼ਾਮ ਦੇ ਚਾਰ ਵਜੇ ਗੁਰੂ ਕੇ ਬਾਗ ਪੁਜਣ ਤਕ ਇਨ੍ਹਾਂ ਦੀ ਗਿਣਤੀ ਚਾਰ ਪੰਜ ਸੌ ਹੋ ਗਈ। ਇਨ੍ਹਾਂ ਜਾਂਦਿਆਂ ਹੀ ਸਰੋਵਰ ਦੇ ਕੰਢੇ ਦੀਵਾਨ ਸਜਾ ਦਿੱਤਾ ਅਤੇ ਝੱਬਰ ਜੀ ਦੇ ਅੱਧੇ ਘੰਟੇ ਦੇ ਲੈਕਚਰ ਪਿਛੋਂ ਦੀਵਾਨ ਸਮਾਪਤ ਕਰਕੇ ਜਥਾ ਗੁਰਦੁਆਰੇ ਅੰਦਰ ਦਾਖਲ ਹੋ ਗਿਆ। ਇਨ੍ਹਾਂ ਨੇ ਮਹੰਤ ਦੇ ਆਦਮੀਆਂ ਨੂੰ ਗੁਰਦੁਆਰੇ ਦੇ ਇਹਾਤੇ ਤੋਂ ਬਾਹਰ ਕਢ ਦਿੱਤਾ ਅਤੇ ਥਾਉਂ ਥਾਈਂ ਜਥੇ ਦੇ ਸਿੰਘ ਵਖੋ-ਵਖ ਡਿਊਟੀਆਂ ਤੇ ਲਗਾ ਦਿੱਤੇ। ਮਹੰਤ ਤੇ ਉਸ ਦੇ ਆਦਮੀ, ਮਹੰਤ ਦੇ ਰਿਹਾਇਸ਼ੀ ਮਕਾਨ ਤੇ ਚਲੇ ਗਏ। ਇਸੇ ਸਮੇਂ ਸ੍ਰ: ਦਾਨ ਸਿੰਘ 'ਵਿਛੋਆ' ਭੀ ਚਾਲੀ ਕੁ ਸਿੰਘਾਂ ਦੇ ਜਥੇ ਨਾਲ ਏਥੇ ਪੁਜ ਗਏ ਸਨ। ਇਹ ਇਸ ਇਲਾਕੇ ਦੇ ਰਹਿਣ ਵਾਲੇ ਪਤਵੰਤੇ ਤੇ ਸਿਆਣੇ ਸਜਣ ਸਨ ਅਤੇ ਇਹਨਾਂ ਦਾ ਮਹੰਤ ਸੁੰਦਰ ਦਾਸ ਪਰ ਪ੍ਰਭਾਵ ਵੀ ਸੀ। ਇਨ੍ਹਾਂ ਦੀ ਪ੍ਰੇਰਨਾ ਤੇ ਮਹੰਤ ਨੇ ਮੰਨ ਲਿਆ ਕਿ ਉਹ ਗੁਰਦੁਆਰਾ ਪੰਥਕ ਕਮੇਟੀ ਨੂੰ ਸੌਂਪ ਕੇ ਕਮੇਟੀ ਦੇ ਅਧੀਨ ਗੁਰਦੁਆਰੇ ਦੀ ਸੇਵਾ ਕਰੇਗਾ। ਅੰਮ੍ਰਿਤ ਛਕ ਕੇ ਸਿੰਘ ਸਜ ਜਾਵੇਗਾ ਅਤੇ ਆਪਣੀਆਂ ਰਖੀਆਂ ਹੋਈਆਂ ਔਰਤਾਂ ਵਿਚੋਂ ਇਕ ਇਸ਼ਰੀ ਨਾਮੀ ਇਸਤਰੀ ਨਾਲ ਅਨੰਦ ਕਾਰਜ ਕਰਵਾ ਕੇ ਬਾਕੀ ਔਰਤਾਂ ਨੂੰ ਕਢ ਦੇਵੇਗਾ। ਉਸ ਵੇਲੇ ਇਲਾਕੇ ਦੇ ਕੁਝ ਸਿੰਘਾਂ ਦੀ ਲੋਕਲ ਕਮੇਟੀ ਚੁਣ ਲਈ ਗਈ, ਜਿਸ ਨੂੰ ਕਬਜ਼ਾ ਦਿਤੇ ਜਾਣ ਦੀ ਲਿਖਾ-ਪੜ੍ਹੀ ਭੀ ਮਹੰਤ ਨੇ ਕਰ ਦਿਤੀ ਅਤੇ 8 ਫਰਵਰੀ, 1921 ਨੂੰ ਅੰਮ੍ਰਿਤ ਛੱਕ ਕੇ ਇਸ਼ਰੀ, ਜਿਸ ਦਾ ਨਾਮ ਅੰਮ੍ਰਿਤ ਛਕਣ ਮਗਰੋਂ ਗਿਆਨ ਕੌਰ ਰਖਿਆ ਗਿਆ ਸੀ, ਨਾਲ ਅਨੰਦ ਪੜ੍ਹਾ ਲਿਆ। ਇਸ ਤਰ੍ਹਾਂ ਗੁਰੂ ਕੇ ਬਾਗ ਦਾ ਪ੍ਰਬੰਧ ਕਮੇਟੀ ਨੂੰ ਸੌਂਪਿਆ ਗਿਆ। ਉਸ ਸਮੇਂ ਤੋਂ ਇਹ ਪ੍ਰਬੰਧ, ਕਮੇਟੀ ਦੇ ਅਧੀਨ ਡੇਢ ਸਾਲ ਤਕ ਅਮਨ ਅਮਾਨ ਨਾਲ ਚਲਦਾ ਰਿਹਾ, ਬਲਕਿ ਪੁਲਸ ਵਲੋਂ ਕਮੇਟੀ ਦੀ ਸਹਾਇਤਾ ਕੀਤੀ ਜਾਂਦੀ ਰਹੀ। ਪੁਲਸ ਕਪਤਾਨ ਮਿ: ਮੈਕਫਰਸਨ ਆਪੂੰ ਇਸ ਸਮੇਂ ਵਿਚ ਕਮੇਟੀ ਦੇ ਨਾਲ ਰਿਹਾ, ਪ੍ਰੰਤੂ ਇਸ ਡੇਢ ਸਾਲ ਦੇ ਸਮੇਂ ਅੰਦਰ ਕੁਝ ਅਜੇਹੀਆਂ ਘਟਨਾ ਵਾਪਰੀਆਂ, ਜਿਨ੍ਹਾਂ ਦਾ ਸੰਖੇਪ ਵਰਨਣ ਗੁਰੂ ਕੇ ਬਾਗ ਦੇ ਮੋਰਚੇ ਨੂੰ ਸਮਝਣ ਲਈ ਜ਼ਰੂਰੀ ਹੈ।

20 ਫਰਵਰੀ, ਸੰਨ 1921 ਨੂੰ ਗੁਰਦੁਆਰਾ ਸ੍ਰੀ ਜਨਮ ਅਸਥਾਨ ਨਨਕਾਣਾ

ਸਾਹਿਬ ਅੰਦਰ ਲਗਭਗ 150 ਸਿੰਘਾਂ ਨੂੰ ਸ਼ਹੀਦ ਕਰਨ ਅਤੇ ਕਈਆਂ ਨੂੰ ਜ਼ਿੰਦਾ ਜਲਾ ਦੇਣ ਦੀ ਹਿਰਦੇ ਵੇਦਕ ਘਟਨਾ ਵਿਚ ਮਿ: ਕਿੰਗ ਕਮਿਸ਼ਨਰ ਲਾਹੌਰ ਜਹੇ ਅੰਗਰੇਜ਼ ਅਫਸਰਾਂ ਦਾ ਹੱਥ ਤਾਂ ਸਾਰੇ ਮੰਨੀ ਗਈ ਗੱਲ ਸੀ। ਸਾਕੇ ਉਪਰੰਤ ਜੋ ਪੱਖਪਾਤ ਅੰਗਰੇਜ਼ ਅਫਸਰਾਂ ਅਤੇ ਸਰਕਾਰ ਵਲੋਂ ਮਹੰਤ ਨੂੰ ਬਚਾਉਣ ਲਈ ਵਰਤਿਆ ਗਿਆ, ਅਤੇ ਜਿਸ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਮੁਖੀਆਂ ਨੂੰ ਫੜ ਫੜ ਕੇ ਜੇਲ੍ਹਾਂ ਅੰਦਰ ਬੰਦ ਕੀਤਾ ਗਿਆ, ਉਸ ਤੋਂ ਪ੍ਰਭਾਵਤ ਹੋ ਕੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ ਇਸ ਮੁਕਦਮੇ ਦੀ ਤਫਤੀਸ਼ ਵਿਚ ਸਰਕਾਰ ਨਾਲ ਨਾ-ਮਿਲਵਰਤਨ ਕਰਨ ਦਾ ਫੈਸਲਾ ਕਰ ਲਿਆ। ਇਸ ਤੋਂ ਕੁਝ ਸਮਾਂ ਪਹਿਲਾਂ ਕਾਂਗਰਸ ਨੇ ਨਾ-ਮਿਲਵਰਤਨ ਦਾ ਮਤਾ ਵੀ ਪਾਸ ਕੀਤਾ ਹੋਇਆ ਸੀ। ਪੰਜਾਬ ਸਰਕਾਰ, ਜੋ ਗੁਰਦੁਆਰਿਆਂ ਦੇ ਪੰਥਕ ਕਬਜ਼ਿਆਂ ਨੂੰ ਪਹਿਲੋਂ ਹੀ ਵੱਡੇ ਸ਼ੱਕ ਦੀ ਨਿਗਾਹ ਨਾਲ ਵੇਖਦੀ ਸੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਨਕਾਣਾ ਸਾਹਿਬ ਦੇ ਕੇਸ ਵਿਚ ਨਾ-ਮਿਲਵਰਤਨ ਦੇ ਮਤੇ ਨੂੰ ਨਿਰੋਲ ਸਿਆਸੀ ਅਥਵਾ ਕਾਂਗਰਸੀ ਪ੍ਰਭਾਵ ਦਾ ਸਿੱਟਾ ਸਮਝਣ ਲਗ ਗਈ। ਉਸ ਸਮੇਂ ਤੋਂ ਸਰਕਾਰ ਦੀ ਨਜ਼ਰ ਵਿਚ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਇਕ ਸਿਆਸੀ ਲਹਿਰ ਸਮਝੀ ਜਾਣ ਲਗੀ ਅਤੇ ਸਰਕਾਰ ਸਿੱਖਾਂ ਤੇ ਖਾਸ ਕਰ ਅਕਾਲੀਆਂ ਪਰ ਵਧੇਰੇ ਸਖਤੀ ਕਰਨ ਲੱਗ ਪਈ।

ਸ੍ਰੀ ਹਰਿਮੰਦਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ, ਜੋ ਪਹਿਲੋਂ ਸਰਕਾਰੋਂ ਨਿਯੁਕਤ ਸਰਬਰਾਹ ਪਾਸ ਰਹਿੰਦੀਆਂ ਸਨ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਆਪਣੇ ਕਬਜ਼ੇ ਵਿਚ ਲੈ ਲਈਆਂ, ਜਿਸ ਤੋਂ 'ਚਾਬੀਆਂ ਦਾ ਮੁਆਮਲਾ' (Golden Temple Keys Affair) ਛਿੜ ਗਿਆ। ਜਿਸ ਦੇ ਅਧੀਨ ਆਮ ਗ੍ਰਿਫਤਾਰੀਆਂ ਤੋਂ ਇਲਾਵਾ 198 ਸਿੱਖ ਮੁਖੀ ਫੜੇ ਗਏ ਜਿਨ੍ਹਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਅਤੇ ਉਤੋਂ ਥੱਲੇ ਇਸ ਦੇ ਤਿੰਨ ਪ੍ਰਧਾਨ ਅਤੇ ਚਾਰ ਸਕੱਤਰ ਸ਼ਾਮਲ ਸਨ। ਇਹਨਾਂ ਦਿਨਾਂ ਵਿਚ ਹੀ ਕਾਲੀ ਦਸਤਾਰ ਦਾ ਮੋਰਚਾ ਛਿੜ ਪਿਆ। ਸਰਕਾਰ, ਖਾਸ ਕਰ ਅੰਗਰੇਜ਼ ਅਫਸਰਾਂ ਨੂੰ ਸਿੱਖ ਦੇ ਸਿਰ ਪਰ ਬਧੀ ਕਾਲੀ ਪਗੜੀ ਗੋਲੀ ਵਾਂਗੂੰ ਪ੍ਰਤੀਤ ਹੋਣ ਲੱਗੀ। ਕਈ ਨੰਬਰਦਾਰ, ਜ਼ੈਲਦਾਰ ਅਤੇ ਹੋਰ ਸਿੱਖ ਅਫਸਰ ਮੁਅੱਤਲ ਕੀਤੇ ਗਏ। ਬਲਕਿ ਫ਼ੌਜਾਂ ਵਿਚ ਭੀ ਕਾਲੀ ਪੱਗ ਬੰਨਣ ਪਰ ਬਹੁਤ ਸਖਤੀ ਵਰਤੀ ਗਈ, ਜਿਸ ਦਾ ਕੁਦਰਤੀ ਸਿੱਟਾ ਸਰਕਾਰੀ ਵਿਰੋਧ ਅਤੇ ਜੋਸ਼ ਦਾ ਫੈਲਣਾ ਸੀ। ਇਨ੍ਹਾਂ ਸਾਰੀਆਂ ਗੱਲਾਂ ਨੇ ਗੁਰਦੁਆਰਾ ਲਹਿਰ ਨੂੰ ਧਕੋ-ਧਕੀ ਸਿਆਸੀ ਲਹਿਰ ਦੀ ਸ਼ਕਲ ਦੇ ਦਿੱਤੀ ਅਤੇ ਇਸ ਨੂੰ ਭੀ ਉਸ ਸਮੇਂ ਮੁਲਕ ਅੰਦਰ ਚਲਦੀਆਂ ਕਾਂਗਰਸ ਤਥਾ ਖਿਲਾਫਤ ਆਦਿ ਪੋਲਿਟੀਕਲ ਲਹਿਰਾਂ ਦੀ ਲੜੀ ਵਿਚ

ਗਿਣਿਆ ਗਿਆ। ਅਜੇਹੀ ਹਾਲਤ ਵਿਚ ਸਿੱਖਾਂ ਦੀ ਇਸ ਲਹਿਰ ਨੂੰ ਕੁਚਲ ਦੇਣ ਲਈ ਸਰਕਾਰ ਨੂੰ ਜੋ ਵੀ ਬਹਾਨਾ ਮਿਲਿਆ ਉਸ ਨੂੰ ਜ਼ੋਰ ਨਾਲ ਵਰਤਨ ਦੇ ਸਾਧਨ ਕੀਤੇ ਗਏ। ਗੁਰਦੁਆਰਾ ਗੁਰੂ ਕਾ ਬਾਗ ਤੇ ਵਾਪਰੀ ਘਟਨਾ ਭੀ ਸਰਕਾਰ ਵਲੋਂ ਕੀਤੇ ਅਜੇਹੇ ਸਾਧਨਾਂ ਦੀ ਜੰਜੀਰ ਅੰਦਰ ਇਕ ਮਜ਼ਬੂਤੀ ਕੜੀ ਸੀ।

8 ਅਗਸਤ, ਸੰਨ 1922 ਨੂੰ ਜਦੋਂ ਗੁਰਦੁਆਰੇ ਦੇ ਲੰਗਰ ਵਾਸਤੇ ਬਾਲਣ ਲਿਆਉਣ ਲਈ ਪੰਜ ਸੇਵਾਦਾਰ ਗੁਰਦੁਆਰੇ ਦੀ ਜੂਹ ਵਿਚੋਂ ਇਕ ਕਿੱਕਰ ਕੱਟਣ ਗਏ ਤਾਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ, ਮਿ: ਡਨੱਟ ਦੇ ਹੁਕਮ ਨਾਲ ਪੁਲਸ ਨੇ ਇਨ੍ਹਾਂ ਨੂੰ ਲਕੜੀ ਚੋਰੀ ਕਰਨ ਦਾ ਅਪਰਾਧ ਦੱਸ ਗ੍ਰਿਫਤਾਰ ਕਰ ਲਿਆ ਅਤੇ ਇਨ੍ਹਾਂ ਦਾ ਚਲਾਨ ਅਦਾਲਤ ਵਿਚ ਕਰ ਦਿੱਤਾ। ਅਗਲੇ ਭਲਕ ਲਕੜੀ ਕੱਟਣ ਗਏ ਹੋਰ ਪੰਜ ਸਿੰਘ ਫੜ ਲਏ ਗਏ ਅਤੇ ਇਉਂ ਹਰ ਰੋਜ਼ ਸਿੰਘ ਫੜੇ ਜਾਣੇ ਸ਼ੁਰੂ ਹੋਏ। ਅਦਾਲਤੀ ਕਾਰਵਾਈ ਪੂਰੀ ਕਰਨ ਲਈ ਗੁਰਦੁਆਰੇ ਦੇ ਸਾਬਕਾ ਮਹੰਤ ਸੁੰਦਰ ਦਾਸ ਪਾਸੋਂ ਇਕ ਫਰਜੀ ਰੀਪੋਰਟ 10 ਅਗਸਤ ਨੂੰ ਥਾਣੇ ਦਰਜ ਕਰਵਾ ਲਈ ਗਈ ਕਿ 'ਮੁਲਜ਼ਮਾਂ' ਨੇ ਮੇਰੀ ਜ਼ਮੀਨ ਵਿਚੋਂ ਲਕੜੀ ਚੋਰੀ ਕੱਟੀ ਹੈ।'

ਸਿੱਖ ਸੁਭਾਉ ਦਾ ਇਹ ਖਾਸਾ ਹੈ ਕਿ ਇਹ ਸਖਤੀ ਸਾਮ੍ਹਣੇ ਝੁਕਿਆ ਨਹੀਂ ਕਰਦੇ ਸਗੋਂ ਜਿਵੇਂ ਜਿਵੇਂ ਇਨ੍ਹਾਂ ਨੂੰ ਤਾਓ, ਇਨ੍ਹਾਂ ਦਾ ਜੋਸ਼ ਵਧਦਾ ਹੈ। ਸਮੁੱਚਾ ਸਿੱਖ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਭਾਵੇਂ ਕਿੰਨੀ ਮੁਸੀਬਤ ਝਲਣੀ ਪਵੇ, ਸਿੱਖ ਜਦੋਂ ਕਿਸੇ ਸਚਾਈ ਤੇ ਡਟ ਜਾਣ, ਇਸ ਤੋਂ ਪਿਛੇ ਨਹੀਂ ਹਟਦੇ, ਨਾ ਮਰਨ ਮਾਰਨ ਤੋਂ ਸੰਕੋਚ ਕਰਦੇ ਹਨ। ਇਹ ਬੀਰਤਾ ਦਾ ਗੁਣ ਹੈ ਕਿ 'ਜਬੈ ਬਾਣ ਲਾਗੈ ਤਬੈ ਰੋਸ ਜਾਗੈ' ਅਤੇ ਚੂੰਕਿ ਸਿੱਖ ਬੀਰਾਂ ਦੀ ਕੌਮ ਹੈ, ਜਾਨ ਦੀ ਖੇਡ ਖੇਡ ਜਾਣਾ ਇਸ ਦਾ ਮੁਢਲਾ ਕਰਮ ਹੈ। ਇਸ ਨੂੰ ਗੁੜਤੀ ਹੀ ਇਹ ਮਿਲੀ ਹੈ ਕਿ 'ਸਿਰ ਦੀਜੈ ਕਾਣਿ ਨ ਕੀਜੈ'।

ਗੁਰੂ ਕੇ ਲੰਗਰ ਵਾਸਤੇ ਲਕੜੀ ਕੱਟਣ ਗਏ ਪੰਜ-ਪੰਜ ਸਿੰਘ ਰੋਜ਼ਾਨਾ ਕਈ ਦਿਨ ਫੜੇ ਜਾਂਦੇ ਰਹੇ। ਵਿਚੋਂ ਕਈ ਦਿਨ ਕੋਈ ਗ੍ਰਿਫਤਾਰੀ ਨਾ ਹੋਈ। ਪ੍ਰੰਤੂ 23 ਅਗਸਤ ਨੂੰ 66 ਸੇਵਾਦਾਰ, ਭਾਵੇਂ ਉਹ ਲਕੜੀ ਕੱਟਣ ਗਏ ਸਨ ਜਾਂ ਲੰਗਰ ਵਿਚ ਜਾਂ ਗੁਰਦੁਆਰੇ ਅੰਦਰ ਕੋਈ ਡਿਊਟੀ ਦੇ ਰਹੇ ਸਨ, ਸਾਰਿਆਂ ਨੂੰ ਫੜ ਲਿਆ ਗਿਆ, ਅਤੇ ਇਉਂ ਹੀ 24 ਅਗਸਤ ਨੂੰ ਹੋਇਆ। ਇਸ ਦਿਨ ਤਕ ਫੜੇ ਗਏ ਸਿੰਘਾਂ ਦੀ ਗਿਣਤੀ 187 ਹੋ ਚੁਕੀ ਸੀ। 25 ਅਗਸਤ ਮੱਸਿਆ ਦਾ ਦੀਵਾਨ ਹਮੇਸ਼ਾ ਵਾਂਗ ਬਾਹਰ ਖੁਲ੍ਹੇ ਥਾਉਂ ਲਗਾਇਆ ਗਿਆ, ਜਿਸ ਤੇ ਮਿ: ਬੀਟੀ ਅੰਗਰੇਜ਼ ਐਡੀਸ਼ਨਲ ਪੁਲਸ ਕਪਤਾਨ ਨੇ ਇਤਰਾਜ਼ ਕੀਤਾ। ਗੱਲ ਵਧ ਗਈ ਅਤੇ ਬੀਟੀ ਨੇ ਲਾਠੀ ਚਲਾਉਣ ਦਾ ਹੁਕਮ ਦੇ ਦਿੱਤਾ। ਗੁਰੂ ਗ੍ਰੰਥ ਸਾਹਿਬ ਦੀ ਸੇਵਾ ਵਿਚ ਬੈਠੇ

ਅਕਾਲੀ ਸਿੰਘ ਨੂੰ ਭੀ ਸੋਟਿਆਂ ਨਾਲ ਮਾਰਿਆ ਅਤੇ ਕੇਸਾਂ ਤੋਂ ਧਰੂਹ ਕੇ ਬਾਹਰ ਲੈ ਜਾਇਆ ਗਿਆ। ਇਸੇ ਦਿਨ ਸ੍ਰ: ਖੜਕ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਇਸ ਦੇ ਤਿੰਨ ਸਕੱਤਰ ਭਗਤ ਜਸਵੰਤ ਸਿੰਘ, ਸ੍ਰ: ਨਰੈਣ ਸਿੰਘ ਬੈਰਿਸਟਰ, ਸ੍ਰ: ਸਾਹਿਬ ਸਿੰਘ ਅਤੇ ਕਈ ਹੋਰ ਮੁਖੀ ਮੈਂਬਰਾਂ ਸਮੇਤ ਮਾਸਟਰ ਤਾਰਾ ਸਿੰਘ, ਸ੍ਰ: ਮਹਿਤਾਬ ਸਿੰਘ, ਸ੍ਰ: ਸਰਮੁਖ ਸਿੰਘ ਝਬਾਲ ਨੂੰ ਫੜ ਲਿਆ ਗਿਆ।

ਜਿਉਂ ਜਿਉਂ ਪੁਲਿਸ ਦੀ ਇਸ ਕਾਰਵਾਈ ਦੀਆਂ ਖਬਰਾਂ ਬਾਹਰ ਨਿਕਲੀਆਂ, ਸਿੱਖ ਸੰਗਤਾਂ ਨੇ ਅੰਮ੍ਰਿਤਸਰ ਅਤੇ ਗੁਰੂ ਕੇ ਬਾਗ ਵਲ ਨੂੰ ਧਾਈ ਕਰ ਦਿੱਤੀ। ਪਰ ਸਰਕਾਰ ਵਲੋਂ ਇਨ੍ਹਾਂ ਨੂੰ ਏਥੇ ਪੁਜਣੋਂ ਰੋਕਣ ਦੇ ਪੂਰੇ ਯਤਨ ਕੀਤੇ ਗਏ। ਦੂਰ ਦੁਰਾਡਿਉਂ ਗਡੀਆਂ ਤੇ ਆਉਣ ਵਾਲੇ ਸਿੱਖਾਂ ਨੂੰ ਅੰਮ੍ਰਿਤਸਰ ਤੋਂ ਪਿਛੇ ਲਾਹੌਰ ਆਦਿ ਸਟੇਸ਼ਨਾਂ ਤੇ ਗਡੀਆਂ ਤੋਂ ਉਤਾਰਨਾ ਸ਼ੁਰੂ ਕਰ ਦਿੱਤਾ ਗਿਆ ਅਤੇ ਗੁਰੂ ਕੇ ਬਾਗ ਨੂੰ ਆਉਂਦੇ ਸਾਰੇ ਰਾਹਾਂ ਅਤੇ ਪੁਲਾਂ ਆਦਿ ਤੇ ਪਹਿਰੇ ਬਿਠਾਏ ਗਏ ਕਿ ਕੋਈ ਸਿੱਖ ਅੱਗੇ ਲੰਘ ਨਾ ਸਕੇ। ਬਲਕਿ ਜੋ ਕੋਈ ਗੁਰੂ ਕੇ ਬਾਗ ਵਾਸਤੇ ਰਾਸ਼ਨ, ਆਟਾ, ਦਾਲ ਲੈ ਕੇ ਆਉਂਦੇ ਉਹ ਉਨ੍ਹਾਂ ਪਾਸੋਂ ਖੋਹ ਲਿਆ ਜਾਂਦਾ ਅਤੇ ਇਸ ਤਰ੍ਹਾਂ ਰਾਸ਼ਨ ਦਾ, ਗੁਰੂ ਕੇ ਬਾਗ ਪੁੱਜਣਾ ਭੀ ਬੰਦ ਹੋ ਗਿਆ।

ਨੇੜੇ ਦੇ ਕਈ ਪਿੰਡਾਂ ਵਿਚ ਜਾ ਕੇ ਕਈ ਬੰਦਿਆਂ ਦੀ ਇਸ ਸ਼ੱਕ ਵਿਚ ਮਾਰ ਕੁਟਾਈ ਕੀਤੀ ਕਿ ਉਨ੍ਹਾਂ ਨੇ ਗੁਰੂ ਕੇ ਬਾਗ ਇਕੱਠੇ ਹੋਏ ਸਿੱਖਾਂ ਲਈ ਰਾਸ਼ਨ ਭੇਜਿਆ ਸੀ। ਗੁਰਦੁਆਰੇ ਦੇ ਦੁਆਲੇ ਦੂਰ ਦੂਰ ਤਕ ਪੁਲਸ ਨੇ ਪਹਿਰਾ ਲਗਾਇਆ ਹੋਇਆ ਸੀ ਤਾਂ ਕਿ ਗੁਰੂ ਕੇ ਲੰਗਰ ਵਾਸਤੇ ਬਾਹਰੋਂ ਆਟਾ, ਦਾਣਾ ਨਾ ਜਾ ਸਕੇ। ਪਿੰਡਾਂ ਵਿਚ ਇਸ ਤਰ੍ਹਾਂ ਹੋਈ ਮਾਰ ਕੁਟਾਈ ਦੀ ਜਦੋਂ ਪੜਤਾਲ ਕੀਤੀ ਗਈ ਤਾਂ ਪਿੰਡ ਵੱਡੇ ਸੈਂਸਰਾਂ ਦੇ ਇਕ ਆਦਮੀ ਨੂੰ 24 ਸਟਾਂ, ਇਕ ਹੋਰ ਨੂੰ 18 ਅਤੇ ਤੀਜੇ ਨੂੰ 21 ਸੱਟਾਂ ਦੇ ਨਿਸ਼ਾਨ ਸਨ, ਇਸੇ ਤਰ੍ਹਾਂ ਹੋਰ ਨੇੜੇ ਤੇੜੇ ਦੇ ਪਿੰਡਾਂ ਦਾ ਹਾਲ ਸੀ। ਟੀਰਾ ਪਿੰਡ ਦੇ ਖੇਤਾਂ ਵਿਚ ਦੋ ਆਦਮੀਆਂ (ਪਿਉ-ਪੁੱਤਰ) ਭਾਈ ਭਗਤ ਸਿੰਘ ਤੇ ਭਾਈ ਤਾਰਾ ਸਿੰਘ ਨੂੰ ਇਸੇ ਸੰਬੰਧੀ ਏਨਾ ਕੁਟਾਪਾ ਕੀਤਾ ਗਿਆ ਕਿ ਦੋਵੇਂ ਪਿਉ-ਪੁੱਤਰ ਸਿਸਕ ਸਿਸਕ ਕੇ ਦਮ ਤੋੜ ਗਏ। ਗੁਰਦੁਆਰਾ ਗੁਰੂ ਕਾ ਬਾਗ ਤੋਂ ਰੋਜ਼ਾਨਾ ਪੰਜ ਜਾਂ ਚਾਰ ਸਿੰਘਾਂ ਦੇ ਪੰਜ ਜਥੇ ਵਾਰੀ ਵਾਰੀ ਬਾਹਰ ਲਕੜੀ ਕੱਟਣ ਜਾਂਦੇ ਅਤੇ ਪੁਲਸ ਹੱਥੋਂ ਸੱਮਾਂ ਵਾਲੀਆਂ ਡਾਂਗਾਂ ਨਾਲ ਬੁਰੀ ਤਰ੍ਹਾਂ ਕੁੱਟੇ ਜਾਂਦੇ। ਇਸੇ ਤਰ੍ਹਾਂ ਅੰਮ੍ਰਿਤਸਰ ਤੋਂ ਪਹਿਲੇ ਪੰਜਾਹ ਅਤੇ ਕੁਝ ਦਿਨਾਂ ਮਗਰੋਂ ਦੋ ਸੌ ਦਾ ਜੱਥਾ ਗੁਰੂ ਕੇ ਬਾਗ ਵੱਲ ਜਾਣਾ ਸ਼ੁਰੂ ਹੋ ਗਿਆ। ਤੁਰਨ ਤੋਂ ਪਹਿਲੋਂ ਸ੍ਰੀ ਅਕਾਲ ਤਖਤ ਦੇ ਹਜ਼ੂਰ ਇਹ ਸਾਰੇ ਹੇਠ ਲਿਖੀ ਸੁਗੰਧ ਖਾਂਦੇ :-

'ਭਾਵੇਂ ਕੁਝ ਭੀ ਹਾਲਾਤ ਹੋਣ ਅਤੇ ਕਿਤਨੀਆਂ ਭੀ ਕਠਨਾਈਆਂ ਦਾ ਸਾਹਮਣਾ ਕਰਨਾ ਪਵੇ, ਮੈਂ ਅੱਗੋਂ ਹੱਥ ਨਹੀਂ ਉਠਾਵਾਂਗਾ ਅਤੇ ਜਦੋਂ ਤਕ ਮੇਰੀ ਸੁਰਤ ਕਾਇਮ ਰਹੇਗੀ, ਮੈਂ ਗੁਰੂ ਕੇ ਬਾਗ ਵਲ ਵਧਨ ਦੇ ਜਤਨ ਕਰਾਂਗਾ ਅਤੇ ਕੋਈ ਸ਼ਖਸ ਮੈਨੂੰ ਮੇਰੇ ਨਿਸ਼ਾਨੇ ਤੋਂ ਉਕਾ ਨਹੀਂ ਸਕੇਗਾ।'

ਪ੍ਰਣ ਲੈਣ ਵਾਲੇ ਹਰ ਸਿੰਘ ਦੇ ਸਿਰ ਪਰ ਕਾਲੀ ਦਸਤਾਰ ਉਪਰ ਇਕ ਛੋਟਾ ਜੇਹਾ ਮੋਤੀਏ ਦਾ ਸੁਫੈਦ ਹਾਰ ਸੇਹਰੇ ਦੀ ਨਿਆਈਂ ਬਧਾ ਹੁੰਦਾ। ਉਪਰੰਤ ਜਥੇਦਾਰ ਅਰਦਾਸਾ ਸੋਧਦਾ, "ਸੱਚੇ ਪਾਤਸ਼ਾਹ ਤੇਰੇ ਸੇਵਕਾਂ ਨੇ ਤੇਰੀ ਸੇਵਾ ਲਈ ਕਮਰਕਸੇ ਕੀਤੇ ਹਨ, ਤੂੰ ਇਨ੍ਹਾਂ ਦੇ ਅੰਗ-ਸੰਗ ਹੋ ਕੇ ਇਨ੍ਹਾਂ ਪਾਸੋਂ ਉਹੋ ਸੇਵਾ ਲਵੀਂ, ਜੋ ਤੇਰੇ ਦਰ ਕਬੂਲ ਪਵੇ। ਤੇਰੇ ਸੇਵਕਾਂ ਉਪਰ ਤੇਰੀਆਂ ਮੇਹਰਾਂ ਸਦਾ ਵਸਦੀਆਂ ਰਹਿਣ ਅਤੇ ਉਹ ਤੇਰੇ ਹਜ਼ੂਰ ਕੀਤੇ ਪ੍ਰਣ ਵਿਚ ਅਡੋਲ ਰਹਿਣ।" ਹੁਣ ਇਹ ਜਥਾ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਦਾ ਰਵਾਨਾ ਹੋ ਜਾਂਦਾ। ਸ਼ਹਿਰ ਵਿਚੋਂ ਚਾਰ ਚਾਰ ਦੀਆਂ ਕਤਾਰਾਂ ਵਿਚ ਮਾਰਚ ਕਰਦਾ ਹੋਇਆ ਇਹ ਜਥਾ ਗੁਰੂ ਕੇ ਬਾਗ ਦੀ ਸੜਕੇ ਪੈ ਜਾਂਦਾ। ਹਜ਼ਾਰਾਂ ਦਰਸ਼ਕ ਜਥੇ ਦੇ ਦੋਹੀਂ ਪਾਸੀਂ ਤੁਰੇ ਜਾ ਰਹੇ ਹੁੰਦੇ, ਰਸਤੇ ਵਿਚ ਗੁਰੂ ਕੇ ਬਾਗ ਤੋਂ ਬਹੁਤ ਉਰੇ ਹੀ ਪੁਲਸ ਜਥੇ ਨੂੰ ਰੋਕਦੀ ਪਰ ਇਹ ਸਤਿਨਾਮ ਵਾਹਿਗੁਰੂ ਦੀ ਧੁਨ ਵਿਚ ਮਸਤ ਤਦ ਤਕ ਅੱਗੇ ਵਧੀ ਜਾਂਦੇ, ਜਦ ਤਕ ਲੋਹੇ ਦੀਆਂ ਸੰਮਾਂ ਵਾਲੀਆਂ ਡਾਂਗਾਂ ਨਾਲ ਮਾਰ ਮਾਰ ਕੇ ਅਤੇ ਬੇਹੋਸ਼ ਕਰਕੇ ਇਨ੍ਹਾਂ ਨੂੰ ਸੜਕ ਦੇ ਨਾਲ ਨਾਲ ਪਾਣੀ ਦੇ ਟੋਭਿਆਂ ਵਿਚ ਨਾ ਸੁਟਿਆ ਜਾਂਦਾ। ਕਈ ਵਾਰ ਬੇਸੁਰਤ ਪਏ ਸਿੰਘਾਂ ਨੂੰ ਹੋਸ਼ ਆਉਂਦੀ ਤਾਂ ਉਹ ਮੁੜ ਮੁੜ ਉਠ ਕੇ ਅੱਗੇ ਵਧਣ ਦੀ ਕਰਦੇ, ਪਰ ਫਿਰ ਮਾਰੇ ਜਾਂਦੇ ਤੇ ਇਹ ਸਮਾਂ 'ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ, ਸਤਿਨਾਮੁ ਸਤਿਨਾਮੁ ਸਤਿਨਾਮੁ ਜੀ' ਦਾ ਜਾਪ ਕਰਦੇ ਹੋਏ ਅਗ੍ਹਾਂ ਵਧੀ ਜਾਂਦੇ। ਜਦੋਂ ਤਾਈਂ ਇਹ ਬੇਹੋਸ਼ ਜਾਂ ਨਿਰਬਲ ਕਰਕੇ ਕੇਸਾਂ ਤੋਂ ਫੜ ਫੜ ਕੇ ਅਤੇ ਧਰੂਹ ਕੇ ਟੋਭਿਆਂ ਵਿਚ ਨਾ ਸੁੱਟੇ ਜਾਂਦੇ । ਕਦੀ ਭੀ ਕੋਈ ਸਿੰਘ ਮਾਰਨ ਵਾਲਿਆਂ ਵਿਰੁੱਧ ਆਵਾਜ਼ ਤਕ ਨਾ ਕਢਦਾ। ਇਨ੍ਹਾਂ ਜਥਿਆਂ ਵਿਚ ਦੋ ਫੌਜੀ ਪੈਨਸ਼ਨਰਾਂ ਦੇ ਸੌ-ਸੌ ਦੇ ਜਥੇ ਵੀ ਸਨ ਅਤੇ ਟਾਵੇਂ ਟਾਵੇਂ ਫ਼ੌਜੀ ਹੋਰ ਜਥਿਆਂ ਵਿਚ ਭੀ ਸਨ।

ਇਸ ਬੇਰਹਿਮਾਨਾ ਤੇ ਬੇਦਰਦਾਨਾ ਮਾਰ-ਕੁਟਾਈ ਦੀਆਂ ਖ਼ਬਰਾਂ ਸਾਰੇ ਦੇਸ਼ ਅੰਦਰ ਫੈਲ ਗਈਆਂ ਅਤੇ ਅਨੇਕ ਕੌਮੀ ਤੇ ਮੁਲਕੀ ਨੇਤਾ ਇਸ ਦ੍ਰਿਸ਼ ਨੂੰ ਆਪਣੀ ਅੱਖੀਂ ਵੇਖਣ ਲਈ ਏਥੇ ਪੁੱਜੇ। ਇਨ੍ਹਾਂ ਵਿਚੋਂ ਕੁਝ ਕੁ ਪੰਡਤ ਮਦਨ ਮੋਹਨ ਮਾਲਵੀਆ, ਪਾਦਰੀ ਸੀ. ਐਫ. ਐਂਡ੍ਰੀਊਜ਼, ਔਨਰੇਬਲ ਸ੍ਰ: ਜੋਗਿੰਦਰ ਸਿੰਘ, ਸ੍ਰ: ਸੁੰਦਰ ਸਿੰਘ ਮਜੀਠੀਆ, ਸ੍ਰ: ਹਰਬੰਸ ਸਿੰਘ ਅਟਾਰੀ, ਲਾਲਾ ਦੁਨੀ ਚੰਦ ਪ੍ਰਧਾਨ ਪੰਜਾਬ ਕਾਂਗਰਸ,

ਮਲਕ ਲਾਲ ਖਾਂ, ਮੈਂਬਰ ਖਿਲਾਫਤ ਕਮੇਟੀ। ਕਾਂਗਰਸ ਤੇ ਖਿਲਾਫਤ ਨੇਤਾ ਸੱਯਦ ਅਤਾਉਲਾ ਸ਼ਾਹ, ਪ੍ਰੋ: ਰੁਚੀ ਰਾਮ ਸਾਹਨੀ, ਹਕੀਮ ਅਜਮਲ ਖਾਂ ਦਿੱਲੀ, ਸੁਆਮੀ ਸ਼ਰਧਾ ਨੰਦ, ਕਿਫਾਇਤ-ਉੱਲਾ, ਪ੍ਰੈਜ਼ੀਡੈਂਟ ਜਮਾਇਤੁਲ ਉਲਮਾ, ਡਾ: ਅਨੁਸਾਰੀ, ਭਾਈ ਜੋਧ ਸਿੰਘ, ਸ਼ਰਮਾਪੀਠ ਦੇ ਸ੍ਰੀ ਸੁਆਮੀ ਸ਼ੰਕਰ ਅਚਾਰੀਆ, ਪੰਡਤ ਮੋਤੀ ਲਾਲ ਨਹਿਰੂ ਅਤੇ ਵਿਸ਼ੇਸ਼ ਪ੍ਰੈਸ ਦੇ ਨੁਮਾਇੰਦੇ : ਇੰਡੀਪੈਂਡੈਂਟ ਇਲਾਹਾਬਾਦ ਦੇ ਮਿ: ਸੁੰਦਰਮ, ਮਿਸਟਰ ਜੀ: ਸੀ: ਰਾਮ ਪਾਲ, ਬੰਦੇ ਮਾਤਰਮ ਲਾਹੌਰ, ਸੱਯਦ ਹਬੀਬ ਐਡੀਟਰ ਸਿਆਸਤ, ਸ੍ਰ: ਅਮਰ ਸਿੰਘ ਲਾਇਲ ਗਜ਼ਟ, ਮਿ: ਅਤੀਕੀ ਸਹਾਇਕ ਐਡੀਟਰ ਮੁਸਲਮ ਅਖਬਾਰ ਜ਼ਿਮੀਂਦਾਰ, ਮਿ: ਮਿਲਖੀ ਰਾਮ ਅਖਬਾਰ ਸਵੈਰਾਜ ਮਦਰਾਸ, ਸ੍ਰ: ਚਰਨ ਸਿੰਘ ਐਡੀਟਰ ਜਥੇਦਾਰ, ਦੇ ਨਾਮ ਹਨ। ਬੇਹੋਸ਼ ਅਤੇ ਫਟੜ ਸਿੰਘਾਂ ਨੂੰ ਰੋਜ਼ਾਨਾ ਲਾਰੀਆਂ ਬੱਸਾਂ ਅਤੇ ਟਰੱਕਾਂ ਵਿਚ ਅੰਮ੍ਰਿਤਸਰ ਲੈ ਜਾਇਆ ਜਾਂਦਾ ਜਿਥੇ ਉਨ੍ਹਾਂ ਦੀ ਦੇਖ ਭਾਲ ਲਈ ਵਿਸ਼ੇਸ਼ ਹਸਪਤਾਲ ਖੋਲ੍ਹੇ ਗਏ ਸਨ, ਜਿਨ੍ਹਾਂ ਦੇ ਰੋਜ਼ਾਨਾ ਮਰਹਮ ਪਟੀ ਤੇ ਦਵਾਈਆਂ ਦੇ ਖਰਚ ਦਾ ਅੰਦਾਜ਼ਾ ਉਸ ਸਮੇਂ ਤਿੰਨ ਹਜ਼ਾਰ ਰੁਪਏ ਸੀ। 8 ਸਤੰਬਰ ਤਕ ਇਨ੍ਹਾਂ ਹਸਪਤਾਲਾਂ ਵਿਚ ਦਾਖਲ ਫੱਟੜਾਂ ਦੀ ਗਿਣਤੀ 836 ਅਤੇ ਗੁਰੂ ਕੇ ਬਾਗ ਵਿਚ ਖੋਲ੍ਹੇ ਹਸਪਤਾਲ ਵਿਚ ਰਖੇ ਮਰੀਜ਼ਾਂ ਦੀ 200 ਸੀ। ਇਸ ਤੋਂ ਪਿਛੋਂ 18 ਸਤੰਬਰ ਦੀ ਸ਼ਾਮ ਤਕ ਇਕ ਸੌ ਸਿੰਘ ਰੋਜ਼ਾਨਾ ਮਾਰ ਕੁਟ ਕੇ ਫੱਟੜ ਜਾਂ ਬੇਹੋਸ਼ ਕਰਕੇ ਇਨ੍ਹਾਂ ਹਸਪਤਾਲਾਂ ਵਿਚ ਦਾਖਲ ਹੁੰਦਾ ਰਿਹਾ। 13 ਸਤੰਬਰ ਨੂੰ ਰੈਵਰੈਂਡ ਸੀ. ਐਫ. ਐਂਡ੍ਰੀਊਜ਼ ਦੀ ਪ੍ਰੇਰਨਾ ਪਰ ਗਵਰਨਰ ਪੰਜਾਬ ਦੇ ਦਖਲ ਦੇਣ ਤੇ ਮਾਰ ਕੁਟਾਈ ਦਾ ਸਿਲਸਿਲਾ ਬੰਦ ਕੀਤਾ ਗਿਆ ਅਤੇ ਹਰ ਰੋਜ਼ ਜਥੇ ਦੇ ਇਕ ਸੌ ਸਿੰਘ ਜੋ ਅੰਮ੍ਰਿਤਸਰ ਤੋਂ ਗੁਰੂ ਕੇ ਬਾਗ ਜਾਂਦੇ, ਫੜ ਕੇ ਜੇਲ੍ਹਾਂ ਵਿਚ ਭੇਜੇ ਜਾਂਦੇ ਰਹੇ । ਅਕਾਲ ਤਖਤ ਤੋਂ ਤੁਰਨ ਸਮੇਂ ਜਿਸ ਤਰ੍ਹਾਂ ਜਥੇ ਵਿਚ ਜਾਣ ਵਾਲੇ ਸਿੰਘਾਂ ਦੀਆਂ ਮਾਤਾਵਾਂ, ਭੈਣਾਂ ਜਾਂ ਪਤਨੀਆਂ ਨੇ ਜਿਸ ਸਤਿਕਾਰ ਨਾਲ ਉਨ੍ਹਾਂ ਦੇ ਗਲੇ ਫੁੱਲਾਂ ਦੇ ਹਾਰ ਪਾ ਪਾ ਕੇ ਸੌ-ਸੌ ਅਸੀਸਾਂ ਦੇਣੀਆਂ ਅਤੇ ਗੁਰੂ ਦੀ ਸੇਵਾ ਲਈ ਆਪਣਾ ਆਪ ਭੇਟ ਕਰਨ ਤੇ ਜਿਸ ਚਾਓ ਨਾਲ ਉਨ੍ਹਾਂ ਨੂੰ ਵਧਾਈਆਂ ਪੇਸ਼ ਕਰਨੀਆਂ, ਉਹ ਸਾਰਾ ਦ੍ਰਿਸ਼ ਏਨਾ ਭਾਵ ਪੂਰਤ ਹੁੰਦਾ ਕਿ ਦਰਸ਼ਕਾਂ ਦੇ ਨੇਤਰ ਸਜਲ ਹੋ ਜਾਂਦੇ। ਇਹ ਸਿਲਸਿਲਾ ਲਗਭਗ ਦੋ ਮਹੀਨੇ ਜਾਰੀ ਰਿਹਾ। 17 ਨਵੰਬਰ, 1922 ਤਕ ਗੁਰੂ ਕੇ ਬਾਗ ਦੇ ਮੋਰਚੇ ਦੇ 5605 ਸਿੰਘ ਜੇਲ੍ਹਾਂ ਅੰਦਰ ਬੰਦ ਕੀਤੇ ਜਾ ਚੁੱਕੇ ਸਨ। ਪਰ ਸਿੰਘਾਂ ਵਲੋਂ ਇਸ ਵਿਚ ਰਤਾ ਭਰ ਵੀ ਕਮਜ਼ੋਰੀ ਨਹੀਂ ਸੀ ਆਈ। ਅਖੀਰ ਪੰਜਾਬ ਸਰਕਾਰ ਨੇ ਮਹੰਤ ਸੁੰਦਰ ਦਾਸ ਵਲੋਂ ਗੁਰਦੁਆਰੇ ਦੀ ਜ਼ਮੀਨ ਦਾ ਠੇਕਾ ਰਾਇ ਬਹਾਦਰ ਗੰਗਾ ਰਾਮ ਨੂੰ ਦਿਵਾ ਕੇ ਉਸ ਵਲੋਂ ਦਰਖਤ ਕੱਟਣ ਦੀ ਖੁਲ੍ਹ ਦਾ ਐਲਾਨ ਕਰ ਦਿੱਤਾ ਅਤੇ

ਇਸ ਤਰ੍ਹਾਂ ਇਹ ਮੋਰਚਾ ਸਮਾਪਤ ਹੋਇਆ।

**ਗੁਰੂ ਕੇ ਬਾਗ ਦੇ ਮੋਰਚੇ ਸੰਬੰਧੀ ਕੁਝ ਰਾਵਾਂ ਤੇ ਅੱਖੀਂ ਵੇਖੇ ਹਾਲਾਤ :**

ਗੁਰੂ ਕੇ ਬਾਗ ਦੇ ਮੋਰਚੇ ਅੰਦਰ ਸਿੰਘਾਂ ਨੇ ਜਿਸ ਦ੍ਰਿੜਤਾ ਅਤੇ ਸਿਦਕ ਨਾਲ ਅਕਹਿ ਮੁਸੀਬਤਾਂ ਦਾ ਸਾਮ੍ਹਣਾ ਕੀਤਾ ਅਤੇ ਅਤਿ ਦੇ ਤਸ਼ੱਦਦ ਸਾਮ੍ਹਣੇ ਹੱਥ ਨਾ ਉਠਾਉਣ ਦੀ ਜੋ ਅਦੁੱਤੀ ਮਿਸਾਲ ਪੇਸ਼ ਕੀਤੀ, ਉਸ ਦਾ ਸਹੀ ਅਨੁਮਾਨ ਲਾਉਣ ਹਿਤ ਕੁਝ ਕੁ ਉਘੇ ਦਰਸ਼ਕਾਂ ਦੇ ਕਥਨ ਜੋ ਉਸ ਸਮੇਂ ਦੇ ਅਖਬਾਰਾਂ, ਤਫਤੀਸ਼ੀ ਰਿਪੋਰਟਾਂ ਅਤੇ ਉਸ ਬਾਰੇ ਛਪੀਆਂ ਪੁਸਤਕਾਂ ਵਿਚ ਪ੍ਰਕਾਸ਼ਤ ਹੋਏ ਪਾਠਕਾਂ ਦੇ ਗਿਆਤ ਲਈ ਹੇਠਾਂ ਦਿੱਤੇ ਜਾਂਦੇ ਹਨ :

ਪ੍ਰੋ: ਰੁਚੀ ਰਾਮ ਸਾਹਨੀ, ਜਿਸ ਨੇ ਇਸ ਮੋਰਚੇ ਦੇ ਸਾਰੇ ਪ੍ਰਬੰਧ ਅਤੇ ਵਖੋ ਵਖ ਦ੍ਰਿਸ਼ਾਂ ਨੂੰ ਬਹੁਤ ਨੇੜੇ ਰਹਿ ਕੇ ਵੇਖਿਆ ਤੇ ਜਾਂਚਿਆ ਸੀ। ਆਪਣੀ ਪੁਸਤਕ (Struggle for Reform in Sikh Shrines) ਦੀ ਭੂਮਕਾ ਵਿਚ ਲਿਖਦਾ ਹੈ :

'ਇਨ੍ਹਾਂ ਮੌਕਿਆਂ ਤੇ ਮੈਂ ਵੇਖਿਆ ਕਿ ਸਾਧਾਰਨ ਮਨੁੱਖ ਜੋ ਇਸ ਕੌਮ ਦੀਆਂ ਅਤਿ ਛੋਟੀਆਂ ਸ਼ਰੇਣੀਆਂ ਵਿਚੋਂ ਇਸ ਸੇਵਾ ਲਈ ਅੱਗੇ ਆਏ ਸਨ, ਵੱਡੀਆਂ ਆਦਰਸ਼ਕ ਉਚਾਈਆਂ ਤਕ ਅੱਪੜੇ ਅਤੇ ਉਨ੍ਹਾਂ ਨੇ ਸੂਰਬੀਰਾਂ ਦਾ ਰੋਲ ਅਦਾ ਕੀਤਾ। ਸਾਧਾਰਨ ਪੇਂਡੂ ਕਿਸਾਨਾਂ ਤੇ ਮਜ਼ਦੂਰਾਂ ਨੇ ਕਿਸੇ ਅੰਦਰੂਨੀ ਦਿਲੋਂ ਉਠੀ ਹੂਕ ਅਤੇ ਧਰਮ ਦੇ ਗਹਿਰੇ ਜਜ਼ਬੇ ਤੋਂ ਪ੍ਰੇਰਤ ਹੋ ਕੇ ਇਸ ਆਦਮ ਤਸ਼ੱਦਦ (ਅੱਗੋਂ ਹੱਥ ਨਾ ਚੁਕਣ) ਵਾਲੇ ਘੋਲ ਅੰਦਰ ਉਹ ਰੋਲ ਅਦਾ ਕੀਤਾ ਹੈ ਜਿਸ ਉਤੇ ਵੱਡੇ ਤੋਂ ਵੱਡਾ ਮਨੁੱਖ ਭੀ ਫਖਰ ਕਰ ਸਕਦਾ ਹੈ। ਉਹ ਸਹੀ ਅਰਥਾਂ ਵਿਚ ਇਕ ਬੇਮਿਸਾਲ ਇਤਿਹਾਸ ਦੀ ਰਚਨਾ ਕਰ ਰਹੇ ਸਨ। ਮੈਂ ਮੰਨਦਾ ਹਾਂ ਕਿ ਜਦੋਂ ਤਕ ਮੈਂ ਇਹ ਦ੍ਰਿਸ਼ ਆਪਣੀ ਅੱਖੀਂ ਨਹੀਂ ਸਨ ਵੇਖੇ, ਮੈਂ ਸਿੱਖ ਸ਼ਹੀਦਾਂ ਅਤੇ ਗੁਰੂਆਂ ਦੀਆਂ ਉਨ੍ਹਾਂ ਸਾਖੀਆਂ ਤੇ ਯਕੀਨ ਨਹੀਂ ਲਿਆਉਂਦਾ ਸਾਂ ਜਿਨ੍ਹਾਂ ਅੰਦਰ ਉਹਨਾਂ ਦੇ ਬਿਨਾਂ ਕਿਸੇ ਝਿਜਕ ਦੇ, ਹਸਦੇ ਹਸਦੇ ਤੇ ਖਿੜੇ ਮੱਥੇ ਗੈਰ ਮਾਮੂਲੀ ਤੇ ਅਜਰ ਮੁਸੀਬਤਾਂ ਦੇ ਜਰਨ ਅਤੇ ਆਪਣੇ ਸਿਦਕ ਅੰਦਰ ਪੂਰੇ ਉਤਰਨ ਦਾ ਜ਼ਿਕਰ ਹੈ, ਜੋ ਅਸਹਿ ਕਸ਼ਟ ਉਹ ਕੇਵਲ ਇਸ ਲਈ ਸਹਿੰਦੇ ਰਹੇ ਕਿ ਉਨ੍ਹਾਂ ਦੇ ਅੰਦਰ ਇਕ ਟੁੰਬ ਸੀ ਕਿ ਇਹਸੇਵਾ ਅਕਾਲ ਪੁਰਖ ਉਹਨਾਂ ਪਾਸੋਂ ਲੈ ਰਿਹਾ ਸੀ। ਇਹ ਅੱਖਰ ਲਿਖ ਕੇ ਮੈਂ ਇਸ ਗੱਲ ਦੀ ਨਿਜੀ ਸ਼ਹਾਦਤ ਪੇਸ਼ ਕਰਨਾ ਚਾਹੁੰਦਾ ਹਾਂ ਕਿ ਗੁਰੂ ਕੇ ਬਾਗ ਦੇ ਅੰਦਰ ਸੈਂਕੜੇ ਮਨੁੱਖਾਂ ਨੇ ਰੋਜਾਨਾ ਜੋ ਅਕਹਿ ਮੁਸੀਬਤਾਂ ਸਹੀਆਂ ਅਤੇ ਮੂੰਹ ਤੋਂ ਵਾਹਿਗੁਰੂ ਵਾਹਿਗੁਰੂ ਕਹਿੰਦੇ ਹੋਏ ਜਿਸ ਅਡੋਲਤਾ ਦਾ ਸਬੂਤ ਦਿੱਤਾ, ਘਟੋ ਘਟ ਇਸ ਵਰਤਮਾਨ ਸਮੇਂ ਅੰਦਰ ਕਿਸੇ ਕੌਮ ਦੇ ਬੰਦਿਆਂ ਵਲੋਂ ਉਸ ਦੀ ਮਿਸਾਲ ਪੇਸ਼ ਹੋਈ ਨਹੀਂ ਸੁਣੀ ਗਈ।'

ਜਦੋਂ ਪੰਡਤ ਮੋਤੀ ਲਾਲ ਨਹਿਰੂ ਗੁਰੂ ਕੇ ਬਾਗ ਦੇ ਮੋਰਚੇ ਸੰਬੰਧੀ ਅੰਮ੍ਰਿਤਸਰ ਤੋਂ ਵਾਪਸ ਮੁੜੇ ਅਤੇ ਉਨ੍ਹਾਂ ਨੂੰ ਸ੍ਰੀ ਸੁੰਦਰਮ, ਸਹਾਇਕ ਐਡੀਟਰ 'ਇਨਡੀਪੈਂਡੈਂਟ ਨੇ ਪੁਛਿਆ ਤਾਂ ਉਨ੍ਹਾਂ ਕਿਹਾ : "ਇਸ ਨੇ ਮੇਰੇ ਮਨ ਉਪਰ ਬਹਾਦਰ ਅਕਾਲੀਆਂ ਵਾਸਤੇ ਅਤਿ ਦਰਜੇ ਦੀ ਵਡਿਆਈ ਅਤੇ ਸਤਿਕਾਰ ਉਕਰ ਦਿੱਤੇ ਹਨ। ਮੇਰੀ ਉਨ੍ਹਾਂ ਪ੍ਰਤੀ ਸਨਿਮਰ ਡੰਡਉਤ ਹੈ। ਵਿਸ਼ਵ ਭਰ ਦੀ ਸਮੁਚੀ ਮਨੁੱਖ ਵਸੋਂ ਅਤੇ ਦੇਸ਼ਾਂ ਅੰਦਰ ਇਨ੍ਹਾਂ ਜੇਹੇ ਚੰਗੇ ਬੰਦੇ ਕਦੀ ਨਹੀਂ ਹੋਏ ਹੋਣੇ।"

'It has impressed me with the deepest respect and admiration for thhe brave Akalis. I salute them with all reverence. They are the finest People that have ever inhabited any part of the world'. ਅੱਗੇ ਜਾ ਕੇ ਉਹਨਾਂ ਕਿਹਾ, 'ਉਨ੍ਹਾਂ ਬਹਾਦਰ ਅਕਾਲੀਆਂ, ਜੋ ਭਾਰਤ ਦੀ ਮਨੁੱਖਤਾ ਦਾ ਸ਼ਾਨਦਾਰ ਨਮੂਨਾ ਪੇਸ਼ ਕਰਦੇ ਸਨ ਅਤੇ ਆਪਣੇ ਬਲਵਾਨ ਸਰੀਰ ਅਤੇ ਦਲੇਰ ਆਤਮਾ ਕਾਰਨ ਜਿਨ੍ਹਾਂ ਦਾ ਮੁਕਾਬਲਾ ਅਤੇ ਜਿਨ੍ਹਾਂ ਉਪਰ ਜਿੱਤ ਪ੍ਰਾਪਤ ਕਰਨਾ ਕਿਸੇ ਲਈ ਸੰਭਵ ਨਹੀਂ ਸੀ, ਨੇ ਆਪਣੇ ਪਰ ਕੀਤੇ ਜਾ ਰਹੇ ਕੋਝੇ ਤੇ ਕਾਇਰਾਨਾਂ ਵਾਰਾਂ ਨੂੰ ਬਗੈਰ ਸਾਹਮਣਿਉਂ ਹੱਥ ਉਠਾਉਣ ਦੇ ਸਹਾਰਿਆ। ਉਸ ਸਮੇਂ ਉਨ੍ਹਾਂ ਦੇ ਹਿਰਦੇ, ਨਿਘੀ ਅਰਦਾਸ ਅੰਦਰ ਜੁੜੇ ਸਨ ਅਤੇ ਉਨ੍ਹਾਂ ਦੀਆਂ ਰਸਨਾਂ ਤੋਂ ਸਤਿਨਾਮੁ ਵਾਹਿਗੁਰੂ ਦਾ ਜਾਪ ਹੋ ਰਿਹਾ ਸੀ.... 'ਸੱਚ ਤਾਂ ਇਹ ਹੈ ਕਿ ਅਕਾਲਆਂ ਨੇ ਦੁਨੀਆਂ ਨੂੰ ਸਤਿਆਗ੍ਰਹਿ ਦੀ ਅਸਲੀਅਤ ਅਤੇ ਮਹਾਨਤਾ ਨੂੰ ਸਮਝਣ ਵਿਚ ਨਿਰੀ ਸਹਾਇਤਾ ਹੀ ਨਹੀਂ ਦਿੱਤੀ, ਬਲਕਿ ਅਜੇਹਾ ਕਰਕੇ ਉਨ੍ਹਾਂ ਨੇ ਨਾ ਕੇਵਲ ਮਨੁੱਖਤਾ ਦੀ ਵੱਡੀ ਭਾਰੀ ਸੇਵਾ ਕੀਤੀ ਹੈ ਬਲਕਿ ਆਪਣੇ ਵਾਸਤੇ ਤ੍ਰੈਕਾਲ ਰਹਿਣ ਵਾਲ ਜਸ ਖਟਿਆ ਹੈ।'

(Guru ka Bagh Satyagrah ਸਫਾ 68 ਤੋਂ 73)

ਜੋਹਨ ਐਸ. ਹੋਇਲੈਂਡ ਆਪਣੀ ਪੁਸਤਕ 'Cross moves East' ਵਿਚ ਲਿਖਦਾ ਹੈ ਕਿ ਇਸ ਸਤਿਆਗ੍ਰਹਿ ਦੀ ਲਹਿਰ ਵਿਚ ਹਿੰਦੁਸਤਾਨ ਦੀ ਸਭ ਤੋਂ ਵਧ ਮਾਰਸ਼ਲ ਅਤੇ ਫਖ਼ਰ ਕਰਨ ਯੋਗ ਕੌਮ ਦੇ ਸੈਂਕੜੇ ਫ਼ੌਜੀ ਪੈਨਸ਼ਨਰਾਂ ਨੂੰ ਵਾਰੀ ਵਾਰੀ ਪੁਲਸ ਦੇ ਘੇਰੇ ਅੰਦਰ ਦਾਖਲ ਹੁੰਦਿਆਂ ਅਤੇ ਉਨ੍ਹਾਂ ਹੱਥੋਂ ਬਿਨਾ ਹੱਥ ਉਠਾਏ ਡਾਗਾਂ ਨਾਲ ਮਾਰੇ ਜਾਂਦਿਆਂ ਵੇਖ ਕੇ ਇਕ ਅੰਗਰੇਜ਼ ਦਰਸ਼ਕ ਨੇ ਮੈਨੂੰ ਦਸਿਆ ਕਿ 'ਮੈਂ ਆਪਣੇ ਜੀਵਨ ਅੰਦਰ ਏਨਾ ਭਿਆਨਕ ਅਤੇ ਨਾਲ ਹੀ ਇੰਨਾ ਗਹਿਰਾ ਪ੍ਰਭਾਵ ਰਖਣ ਵਾਲਾ ਦ੍ਰਿਸ਼ ਨਹੀਂ ਵੇਖਿਆ।'

(A Brief Account of the Sikh People ਸਫਾ 67)

ਮੁਸਲਮ ਅਖਬਾਰ 'ਸਿਆਸਤ' ਦੇ ਐਡੀਟਰ ਸੱਯਦ ਹਬੀਬ ਨੇ ਗੁਰੂ ਕੇ ਬਾਗ ਦੇ ਮੋਰਚੇ ਅੰਦਰ ਅਕਾਲੀ ਜਥਿਆਂ ਉਪਰ ਡਾਂਗਾਂ ਵਰਦੀਆਂ ਵੇਖ ਆਪਣੇ ਅਖਬਾਰ ਵਿਚ ਲਿਖਿਆ ਸੀ।

'ਬਹਾਦਰੀ ਮੇਂ ਵੁਹ ਯਕਤਾ ਹੈਂ ਲੇਕਨ
ਨਹੀਂ ਹੈਂ ਕੁੱਵਤੇ ਬਰਦਾਸ਼ਤ ਮੇਂ ਭੀ ਅਕਾਲੀ ਸਿੱਖ'

ਲਾਲਾ ਲਾਜਪਤ ਰਾਇ ਦੇ ਅਖਬਾਰ 'ਬੰਦੇ ਮਾਤਰਮ' ਨੇ ਲਿਖਿਆ ਸੀ :

'ਨੁਸਰਤ ਹਮ ਰਕਾਬ ਉਠਾਓ ਜਿਧਰ ਕਦਮ
ਤੁਮ ਕੋ ਮਿਲੇਗਾ ਫਤਹਿ ਕਾ ਤਮਗਾ ਅਕਾਲੀਓ
ਸ੍ਵੈਰਾਜ ਕਾ ਜੋ ਰਾਜ ਹੋ ਆਪਨੇ ਦੇਸ਼ ਮੇਂ
ਹੋਗਾ ਤੁਮ੍ਹਾਰੇ ਹਾਥ ਮੇਂ ਝੰਡਾ ਅਕਾਲੀਓ!
ਪਰਵਾਨੇ ਤੁਮ ਖਰੂਸੇ ਸਹਰ ਮੁਸਲਮ ਵਾ ਹਨੂਦ
ਸਿਖਲਾਓ ਉਨ ਕੋ ਸ਼ਮਹ ਪਰ ਜਲਨਾ ਅਕਾਲੀਓ!
ਭਾਰਤ ਕੇ ਹਮ ਕਪੂਤ ਹੈਂ ਔਰ ਆਪ ਹੋ ਸਪੂਤ
ਘਰ ਘਰ ਮੇਂ ਹੋ ਰਹਾ ਹੈ ਯਿਹੀ ਚਰਚਾ ਅਕਾਲੀਓ!
ਈਸਾਈ ਮੁਨਕਰ ਔਰ ਤੁਮ ਹੋ ਪੈਰੂਏ ਮਸੀਹ
ਤੁਮ ਦਰਦੇ ਹਿੰਦ ਕੇ ਮਸੀਹਾ ਹੋ ਅਕਾਲੀਓ!

ਉਸ ਸਮੇਂ ਦੇ ਇਕ ਕਵੀ ਮੇਲਾ ਰਾਮ ਨੇ ਲਿਖਿਆ ਸੀ :

ਤੇਰੀ ਕੁਰਬਾਨੀਓਂ ਕੀ ਧੂਮ ਹੈ ਆਜ ਜ਼ਮਾਨੇ ਮੇਂ
ਬਹਾਦਰ ਹੈ ਅਗਰ ਕੋਈ ਤੋ ਵੁਹ ਤੂ ਐ ਅਕਾਲੀ ਹੈ
ਬੜੀ ਤਾਰੀਫ ਕੇ ਕਾਬਲ ਹੈ ਤੇਰੀ ਹਿੰਮਤੋ ਜੁਰਅਤ
ਕਿ ਜਦੋ-ਜਿਹਦ ਆਜ਼ਾਦੀ ਮੇਂ ਤੂੰ ਨੇ ਜਾਨ ਡਾਲੀ ਹੈ
ਪੁਲੀਸ ਕੀ ਲਾਠੀਆਂ ਤੂੰ ਨੇ ਸਹੀ ਸੀਨਾ ਸਿਪਰ ਹੋ ਕਰ
ਫਿਰ ਇਸ ਪਰ ਲੁਤਫ ਯਿਹ ਲਬ ਪਰ ਸ਼ਿਕਾਇਤ ਹੈ ਨਾ ਗਾਲੀ ਹੈ'

ਅਖਬਾਰ ਦਰਪਨ ਵਿਚ ਇਕ ਮੁਸਲਮਾਨ ਸ਼ਾਇਰ ਦੀ ਕਲਮ ਛਪਿਆ ਸੀ :

'ਐ ਫਲਕ ਦੇਖੀ ਅਜ਼ਲ ਸੇ ਹੈ ਯਿਹ ਦੁਨੀਆ ਤੂ ਨੇ
ਦੇਖਾ ਹੋਗਾ ਮਗਰ ਐਸਾ ਨਾ ਤਮਾਸ਼ਾ ਤੂ ਨੇ
ਜਿਸ ਤਰ੍ਹਾਂ ਕੋਈ ਧੁਨਕਤਾ ਹੋ ਰੂਈ ਕੋ ਨਦਾਫ
ਜਿਸਮ ਇਨਸਾਨ ਕੋ ਕਟਤਾ ਹੂਆ ਦੇਖਾ ਤੂ ਨੇ

ਏਕ ਉਂਗਲੀ ਭੀ ਉਠਾਨਾ ਜੋ ਸਮਝਤੇ ਹੋਂ ਗੁਨਾਹ
ਉਨ ਕੋ ਦੇਖਾ ਹੈ ਗਜ਼ਬਨਾਕੀ ਸੇ ਪਿਟਤਾ ਤੂ ਨੇ
ਮੁਝੇ ਹੈਰਤ ਹੈ ਕਿ ਕਿਉਂ ਗਿਰ ਨ ਪੜਾ ਤੂ ਚਕਰਾ ਕਰ
ਜ਼ੁਲਮ ਜਬ ਹੋਤੇ ਹੂਏ ਦੇਖੇ ਨਿਰਾਲਾ ਤੂ ਨੇ
ਕੌਮ ਕੇ ਹਾਥ ਲਰਜ਼ਤੇ ਥੇ, ਅਕਾਲੀ ਸ਼ਾਬਾਸ਼
ਖ਼ੂਬ ਸ੍ਵੈਰਾਜੀਏ ਕੇ ਝੰਡੇ ਕੋ ਸੰਭਾਲਾ ਤੂ ਨੇ।'

(ਵਰਿਆਮ ਇਕੇਲਾ, ਸਫਾ 200-201)

ਗੁਰੂ ਕੇ ਬਾਗ ਦੇ ਮੋਰਚੇ ਵਿਚ ਜਾਂਦੇ ਅਕਾਲੀਆਂ ਦੇ ਭਰੋਸੇ ਅਤੇ ਸਿਦਕ ਦਾ ਜ਼ਿਕਰ ਕਰਦਾ ਹੋਇਆ ਸ੍ਰੀ ਜੀ. ਏ. ਸੁੰਦਰਮ ਐਡੀਟਰ 'ਇੰਡੀਪੈਂਡੈਂਟ' ਆਪਣੀ ਪੁਸਤਕ (Guru ka Bagh Satyagarh) ਦੇ ਸਫਾ 30-31 ਦੇ ਲਿਖਦਾ ਹੈ :

"ਇਹ ਅਕਾਲ ਪੁਰਖ ਦਾ ਹੁਕਮ ਹੈ"

'ਇਕ ਸਾਧਾਰਨ ਦਰਮਿਆਨੀ ਸ਼ਰੇਣੀ ਦੇ ਅਕਾਲੀ ਨਾਲ ਮੇਰੀ ਗੱਲ ਬਾਤ ਹੋਈ ਅਤੇ ਮੈਂ ਉਸ ਨੂੰ ਪੁਛਿਆ ਕਿ 'ਜੇਕਰ ਸਰਕਾਰ ਤੁਹਾਡੀ ਇਸ ਲਹਿਰ ਦੇ ਸਾਰੇ ਲੀਡਰਾਂ ਨੂੰ ਫੜ ਲਵੇ ਤਾਂ ਇਹ ਲਹਿਰ ਕਿਸ ਤਰ੍ਹਾਂ ਚਲੇਗੀ?' ਉਸ ਦਾ ਸਰਲ ਸ਼ਬਦਾਂ ਵਿਚ ਉੱਤਰ ਸੀ 'ਉਹਨਾਂ ਦੀ ਥਾਂ ਹੋਰ ਆਦਮੀ ਅੱਗੇ ਆ ਜਾਣਗੇ ਅਤੇ ਇਸ ਦੀ ਅਗਵਾਈ ਕਰਨਗੇ।' ਮੈਂ ਦੁਬਾਰਾ ਉਸ ਨੂੰ ਸੋਚ ਕੇ ਜਵਾਬ ਦੇਣ ਲਈ ਕਿਹਾ ਕਿ ਅਗਰ ਸਹੀ ਅਗਵਾਈ ਦੇ ਸਕਣ ਯੋਗ ਸਾਰੇ ਲੋਕ ਫੜ ਲਏ ਗਏ ਤਾਂ ਸਾਧਾਰਨ ਪੇਂਡੂ ਲੋਕ ਇਸ ਨੂੰ ਕਿਵੇਂ ਚਲਾ ਸਕਣਗੇ? ਉਸ ਨੇ ਵੱਡੀ ਦ੍ਰਿੜਤਾ ਨਾਲ ਕਿਹਾ ਕਿ ਇਹ ਬਿਲਕੁਲ ਸੰਭਵ ਹੈ, 'ਪ੍ਰਧਾਨ ਅਤੇ ਕਮੇਟੀ ਸਾਰੇ ਰੱਬੀ ਹੁਕਮ ਦੀ ਕਾਰ ਕਰਦੇ ਹਨ, ਮੈਂਬਰ ਭਾਵੇਂ ਕੋਈ ਭੀ ਹੋਣ, ਫੈਸਲੇ ਉਹੀ ਹੋਣਗੇ, ਜੈਸਾ ਅਕਾਲ ਪੁਰਖ ਦਾ ਹੁਕਮ ਹੋਵੇਗਾ।'

ਉਪਰੰਤ ਉਸ ਅਕਾਲੀ ਨੇ ਮੁਗਲ ਹਕੂਮਤ ਸਮੇਂ ਦੇ ਸਿੱਖਾਂ ਦੀ ਇਕ ਅਜੇਹੀ ਵਾਰਤਾ ਸੁਣਾ ਕੇ ਕਿਹਾ ਕਿ ਸਾਨੂੰ ਪਤਾ ਹੈ ਕਿ ਹੁਣ ਵੀ ਜਿਸ ਕਿਸੇ ਨੂੰ ਭੀ ਪ੍ਰਧਾਨ ਬਣਾਇਆ ਜਾਵੇਗਾ ਵਾਹਿਗੁਰੂ ਉਸ ਨੂੰ ਕੰਮ ਦੀ ਸੂਝ ਬੂਝ ਦੇ ਦੇਵੇਗਾ।

ਜਦੋਂ ਸੀ. ਐਫ. ਐਂਡ੍ਰੀਊਜ਼ ਨੂੰ ਪੁਛਿਆ ਗਿਆ ਕਿ ਅਕਾਲੀਆਂ ਨੂੰ ਦਿੱਤੀ ਜਾਂਦੀ ਮਾਰ ਕੁਟਾਈ ਦਾ ਉਸ ਦੇ ਮਨ ਤੇ ਕੀ ਪ੍ਰਭਾਵ ਸੀ ਤਾਂ ਉਨ੍ਹਾਂ ਕਿਹਾ, "ਮੈਂ ਆਪਣੇ ਜੀਵਨ ਵਿਚ ਏਨਾ ਦਰਦਨਾਕ ਅਤੇ ਪ੍ਰਭਾਵ ਪੂਰਤ ਦ੍ਰਿਸ਼ ਕਦੀ ਨਹੀਂ ਵੇਖਿਆ। ਇਸ ਅਦਮ ਤਸ਼ਦਦ (ਅਗੋਂ ਹਥ ਨਾ ਉਠਾਉਣ) ਦੀ ਮੁਕੰਮਲ ਜਿੱਤ ਸੀ। ਜਿਨ੍ਹਾਂ ਨੂੰ ਮੈਂ ਮਾਰ ਖਾਂਦਿਆਂ ਵੇਖਿਆ ਉਨ੍ਹਾਂ ਦੇ 'ਅੰਦਰ', ਅਰਦਾਸ ਰਾਹੀਂ ਰਬ ਨਾਲ

ਜੁੜੇ ਸਨ। ਉਨ੍ਹਾਂ ਦੀ ਸਹੀ ਅਰਥਾਂ ਵਿਚ ਕੁਰਬਾਨੀ ਸੀ ਅਤੇ ਉਹ ਇਸ ਨੂੰ ਇਉਂ ਹੀ ਸਮਝੇ ਹੋਏ ਸਨ।'

ਜਦੋਂ ਸ੍ਰੀ ਐਂਡ੍ਰੀਊਜ਼ ਪਰ ਦੂਜਾ ਸਵਾਲ ਕੀਤਾ ਗਿਆ ਕਿ ਉਸ ਦੇ ਖਿਆਲ ਵਿਚ ਅਕਾਲੀਆਂ ਦੀ ਐਸੀ ਕੁਰਬਾਨੀ ਪਿਛੇ ਕੀ ਭੇਦ ਸੀ ਤਾਂ ਉਨ੍ਹਾਂ ਜਵਾਬ ਦਿੱਤਾ 'ਮੈਂ ਉਨ੍ਹਾਂ ਦੇ ਧਰਮ ਨੂੰ ਇਸ ਦਾ ਆਧਾਰ ਮੰਨਦਾ ਹਾਂ। ਸ਼ੁਰੂ ਤੋਂ ਅਖੀਰ ਤਕ ਉਨ੍ਹਾਂ ਦੇ ਅੰਦਰ ਇਕੋ ਹੀ ਖਿਆਲ ਸਮਾਇਆ ਹੋਇਆ ਸੀ, ਉਹ ਸੀ ਉਨ੍ਹਾਂ ਦਾ ਰੱਬ ਉਪਰ ਵਿਸ਼ਵਾਸ। ਮੈਨੂੰ ਪਰਤਖ ਦਿਸਦਾ ਹੈ ਔਰ ਮੈਂ ਇਹ ਕਹਿਣ ਵਿਚ ਗਲਤੀ ਨਹੀਂ ਖਾਂਦਾ ਕਿ ਉਨ੍ਹਾਂ ਵਿਚੋਂ ਹਰ ਆਦਮੀ ਨੂੰ ਇਸ ਗੱਲ ਦਾ ਨਿਸਚਾ ਸੀ ਕਿ ਉਹ ਆਪਣਾ ਆਪ ਵਾਹਿਗੁਰੂ ਪ੍ਰਤੀ ਅਰਪਣ ਕਰ ਰਿਹਾ ਹੈ।

(Guru ka Bagh Satyagarh ਸਫਾ 58)

ਪ੍ਰੈਸ ਦੇ ਕੁਝ ਵਿਸ਼ੇਸ਼ ਪ੍ਰਤੀਨਿਧਾਂ ਵਲੋਂ ਇਕ ਰਿਪੋਰਟ 26 ਸਤੰਬਰ 1922 ਨੂੰ ਪ੍ਰਕਾਸ਼ਤ ਕੀਤੀ ਗਈ ਸੀ ਜਿਸ ਵਿਚੋਂ ਕੁਝ ਸਤਰਾਂ ਇਸ ਪ੍ਰਕਾਰ ਹਨ :

'ਅਸੀਂ ਵੇਖਿਆ ਕਿ ਸੈਂਕੜੇ ਮਨੁੱਖ ਜਿਨ੍ਹਾਂ ਨੂੰ ਸੋਟਿਆਂ ਦੀ ਮਾਰ ਮਾਰੀ ਗਈ, ਠੁਡੇ ਮਾਰੇ ਗਏ ਅਤੇ ਕਈਆਂ ਦੀਆਂ ਦਾੜ੍ਹੀਆਂ ਤੇ ਕੇਸ ਪੁੱਟੇ ਗਏ-ਉਨ੍ਹਾਂ ਵਿਚੋਂ ਕਿਸੇ ਇਕ ਨੇ ਭੀ ਮੁਕਾਬਲੇ ਵਿਚ ਜਾਂ ਬਦਲਾ ਲੈਣ ਦੇ ਵਿਚਾਰ ਨਾਲ ਮਾਰਨ ਵਾਲਿਆਂ ਦੇ ਉਲਟ ਇਕ ਉਂਗਲ ਤਕ ਨਹੀਂ ਉਠਾਈ।'

'ਜਿਨ੍ਹਾਂ ਡਾਂਗਾਂ ਨਾਲ ਮਾਰਿਆ ਜਾਂਦਾ ਸੀ ਉਹ ਸਾਢੇ ਪੰਜ ਫੁਟ ਲੰਮੀਆਂ ਸਨ। ਉਹਨਾਂ ਦੇ ਅਗਲੇ ਸਿਰੇ ਤੇ ਪੰਜ ਛੇ ਇੰਚ ਲੰਮੀ ਲੋਹੇ ਦੀ ਸੁੰਮ ਅਤੇ ਦੂਜੇ ਵੰਨੇ ਏਨੀ ਹੀ ਪਿੱਤਲ ਦੀ ਸੁੰਮ ਲਗੀ ਹੋਈ ਸੀ। ਕਈਆਂ ਦੀ ਲੋਹੇ ਦੀ ਸੱਮ ਵਾਲੇ ਮੋਟੇ ਪਾਸੇ ਲੋਹੇ ਦਾ ਇਕ ਵਧਵਾਂ ਨੁਘ ਜੈਸਾ ਬਣਿਆ ਹੋਇਆ ਸੀ। ਇਹ ਡਾਂਗਾਂ ਡੇਢ ਇੰਚ ਮੋਟੀਆਂ ਸਨ ਅਤੇ ਵੱਡੀ ਬੇਦਰਦੀ ਨਾਲ ਅਕਾਲੀਆਂ ਦੇ ਸਿਰਾਂ ਉਤੇ, ਕੰਡ ਪਿਛੇ, ਸਰੀਰ ਦੇ ਹੋਰ ਅੰਗਾਂ ਅਤੇ ਗੁਪਤ ਹਿੱਸਿਆਂ ਤੇ ਮਾਰੀਆਂ ਜਾਂਦੀਆਂ ਸਨ।

ਸਿੱਖ ਹੱਥ ਜੋੜੇ ਸ਼ਬਦ ਪੜ੍ਹਦਾ ਰਹਿੰਦਾ ਸੀ। ਜਦੋਂ ਪੁਲਸ ਦੇ ਸਿਪਾਹੀ ਉਨ੍ਹਾਂ ਦੇ ਲਾਗੇ ਲਗਦੇ, ਉਹ ਸਿਰ ਅਗੇ ਨੂੰ ਝੁਕਾ ਕੇ ਬੈਠ ਜਾਂਦੇ। 'ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ, ਸਤਿਨਾਮੁ ਸਤਿਨਾਮੁ ਸਤਿਨਾਮੁ ਜੀ' ਗਾਉਂਦੇ ਹੁੰਦੇ ਕਿ ਅਬਾਗਤ ਉਨ੍ਹਾਂ ਪਰ ਡਾਂਗ ਵਰਣੀ ਸ਼ੁਰੂ ਹੋ ਜਾਂਦੀ ਅਤੇ ਉਹ ਓਨਾਂ ਚਿਰ ਜਾਰੀ ਰਹਿੰਦੀ ਜਦ ਤਾਈਂ ਉਹ ਬੇਹੋਸ਼ ਨਾ ਹੋ ਜਾਂਦੇ ਜਾਂ ਉਠਣ ਜੋਗੇ ਨਾ ਰਹਿੰਦੇ। ਇਸ ਭਿਆਨਕ ਘਟਨਾ ਨੂੰ ਵੇਖਣ ਵਾਲੇ ਹਜ਼ਾਰਾਂ ਲੋਕ ਬੜੀ ਅਰਦਾਸ ਭਾਵਨਾ ਅੰਦਰ 'ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ' ਦਾ ਜਾਪ ਕਰਦੇ ਹੁੰਦੇ........ ਮਾਰ ਮਾਰ ਲਿਟਾਏ ਆਦਮੀਆਂ ਵਿਚੋਂ ਜੇ

ਕੋਈ ਸਿਰ ਚੁਕਦਾ ਤਾਂ ਫਟ ਡਾਂਗ ਉਸੇ ਦੇ ਸਿਰ ਪਰ ਵਜਦੀ ਅਤੇ ਉਹਨਾਂ ਨੂੰ ਠੁਡੇ ਮਾਰੇ ਜਾਂਦੇ। ਕਈਆਂ ਨੂੰ ਦੋ-ਦੋ ਤਿੰਨ-ਤਿੰਨ ਪੁਲਸੀਏ ਚੁਕ ਕੇ ਘਟੋ ਘਟ ਤਿੰਨ ਫੁਟ ਦੀ ਉਚਾਈ ਤੋਂ ਸੜਕ ਦੇ ਦੋਹੀਂ ਲਾਮੀਂ ਬਣੇ ਖਤਾਨਾਂ ਵਿਚ ਪਟਕਾ ਮਾਰਦੇ........ ਕਈ ਵਾਰ ਬੇਹੋਸ਼ ਪਿਆਂ ਨੂੰ ਧਰੂਹ ਧਰੂਹ ਨੇੜੇ ਵਗਦੇ ਪਾਣੀ ਦੇ ਖਾਲ ਵਿਚ ਸੁਟਿਆ ਜਾਂਦਾ ਅਤੇ ਕਈਆਂ ਨੂੰ ਦੁਰਾਡੇ ਲੈ ਜਾ ਕੇ ਖੇਤਾਂ ਵਿਚ ਸੁਟ ਦਿੱਤਾ ਜਾਂਦਾ। ਠੁਡੇ ਮਾਰਨ ਸਮੇਂ ਕੋਈ ਖਿਆਲ ਨਾ ਕੀਤਾ ਜਾਂਦਾ ਕਿ ਇਹ ਕਿਥੇ ਵੱਜਦੇ ਹਨ। ਗੁਪਤ ਅੰਗਾਂ ਪਰ ਭੀ ਠੁਡੇ ਮਾਰੇ ਜਾਂਦੇ...... ਅਸੀਂ ਵੇਖਿਆ ਕਿ ਦਰਸ਼ਕਾਂ ਦੇ ਟੋਲਿਆਂ ਦੇ ਟੋਲੇ ਅੱਗੇ ਲਾ ਕੇ ਦੂਰ ਦੂਰ ਖੇਤਾਂ ਵਿਚ ਲੈਜਾਏ ਜਾਂਦੇ, ਅਤੇ ਉਹਨਾਂ ਪਾਸ ਨਕਦੀ ਆਦਿ ਜੋ ਕੁਝ ਹੁੰਦਾ ਲੁੱਟ ਲਿਆ ਜਾਂਦਾ!' 'ਕਈ ਅਕਾਲੀਆਂ ਨੂੰ ਕੇਸਾਂ ਅਤੇ ਦਾੜ੍ਹੀਆਂ ਤੋਂ ਫੜ-ਫੜ ਧਰੂਹਿਆ ਜਾਂਦਾ' ਇਸ ਰਿਪੋਰਟ ਪਰ ਹੇਠ ਲਿਖੇ ਅਖਬਾਰਾਂ ਦੇ ਨੁਮਾਇੰਦਿਆਂ ਦੇ ਦਸਖਤ ਸਨ :

1. ਰੁਚੀ ਰਾਮ ਸਾਹਨੀ ਟਰੱਸਟੀ 'ਟ੍ਰਿਬਿਊਨ', ਲਾਹੌਰ
2. ਗਿਆਨ ਚੰਦ ਰਾਮ ਪਾਲ ਜਾਇੰਟ ਐਡੀਟਰ 'ਬੰਦੇ ਮਾਤਰਮ ਲਾਹੌਰ
3. ਜੀ. ਏ. ਸੁੰਦਰਮ ਸਹਾਇਕ ਐਡੀਟਰ 'ਇੰਡੀਪੈਂਡੈਂਟ' ਇਲਾਹਾਬਾਦ
4. ਬਾਲ ਮੁਕੰਦ ਵਰਮਾ ਨੁਮਾਇੰਦਾ 'ਸਵੈਰਾਜੀਆ' ਮਦਰਾਸ
5. ਮਿਲਖੀ ਰਾਮ ਨੁਮਾਇੰਦਾ 'ਸਵੈਰਾਜੀਆ' ਮਦਰਾਸ
6. ਸ਼ਫਅਤਉਲਾ ਮੈਨੇਜਰ 'ਜ਼ਿਮੀਂਦਾਰ' ਲਾਹੌਰ
7. ਅਬਦੁਲ ਮਜੀਦ ਅਤੀਕੀ ਨੁਮਾਇੰਦਾ 'ਜ਼ਿਮੀਦਾਰ' ਲਾਹੌਰ
8. ਊਤਮ ਸਿੰਘ ਗਿਆਨੀ ਨੁਮਾਇੰਦਾ 'ਅਕਾਲੀ ਤੇ ਪਰਦੇਸੀ' ਲਾਹੌਰ
9. ਅਨੰਦ ਨਰਾਇਣ ਸਿਊਣ, ਸਹਾਇਕ ਐਡੀਟਰ 'ਟ੍ਰਿਬਿਊਨ' ਲਾਹੌਰ

26 ਸਤੰਬਰ 1922

(Gurdwara Reform Movement ਦੇ ਸਫੇ 405 ਤੋਂ 419 ਤਕ)

ਹੁਣ ਅਸੀਂ ਪਾਠਕਾਂ ਨੂੰ ਗੁਰੂ ਕੇ ਬਾਗ ਦਾ ਉਹ ਦ੍ਰਿਸ਼ ਵਿਖਾਉਂਦੇ ਹਾਂ ਜੋ ਸ੍ਰੀ ਸੀ. ਐਫ. ਐਡ੍ਰੀਊਜ਼ ਨੇ 12 ਸਤੰਬਰ 1922 ਨੂੰ ਅਖੀਂ ਡਿੱਠਾ ਅਤੇ ਜੋ ਇਨ ਬਿਨ ਉਨ੍ਹਾਂ ਵਲੋਂ 19-20 ਸਤੰਬਰ ਨੂੰ ਪ੍ਰੈਸ ਨੂੰ ਭੇਜਿਆ ਗਿਆ।

'ਉਸ ਦਿਨ ਸ਼ਾਮ ਦੇ ਇਕ ਵਜੇ ਮੈਂ ਗੁਰੂ ਕੇ ਬਾਗ ਵੱਲ ਰਵਾਨਾ ਹੋਇਆ ਅਤੇ ਪੱਕੀ ਸੜਕ ਛਡ ਕੇ ਨਹਿਰ ਦੀ ਪਟੜੀ ਪਿਆ। ਅਸੀਂ ਤਿੰਨ ਟਾਂਗਿਆਂ ਵਿਚ ਸਵਾਰ ਸੀ। ਅਸੀਂ ਨਹਿਰੇ ਨਹਿਰ ਥੋੜੀ ਵਾਟ ਹੀ ਕੱਟੀ ਸੀ ਜਦੋਂ ਅਸੀਂ ਨਹਿਰ ਦੀ ਦੂਜੀ ਪਟੜੀ ਨੀਲੀਆਂ ਦਸਤਾਰਾਂ ਵਾਲੇ ਦੋ ਸਿੱਖਾਂ ਨੂੰ ਵੇਖਿਆ ਜੋ ਆਪਣੇ ਹਥਾਂ ਦੇ

ਇਸ਼ਾਰਿਆਂ ਦੁਆਰਾ ਸਾਨੂੰ ਆਕਾਸ਼ ਵਿਚ ਚੱਕਰ ਲਗਾਉਂਦੇ ਅਤੇ ਅੰਮ੍ਰਿਤਸਰ ਵਲ ਨੂੰ ਉਡਦੇ ਜਾਂਦੇ ਇਕ ਵੱਡੇ ਸਾਰੇ ਪੰਛੀ ਨੂੰ ਵੇਖਣ ਦਾ ਸੰਕੇਤ ਦੇਂਦੇ ਸਨ। ਟਾਂਗਿਆਂ ਵਿਚ ਬੈਠੇ ਸਾਰੇ ਮੁਸਾਫਰ ਝਟ ਪਟ ਟਾਂਗਿਆਂ ਤੋਂ ਉਤਰੇ ਅਤੇ ਵੱਡੀ ਤੀਬਰਤਾ ਨਾਲ ਮੈਨੂੰ ਉਸ ਪੰਛੀ ਨੂੰ ਵੇਖਣ ਲਈ ਕਿਹਾ। ਉਨ੍ਹਾਂ ਮੈਨੂੰ ਦਸਿਆ ਕਿ ਇਹ ਸੁਨਹਿਰੀ ਬਾਜ਼ ਹਰ ਰੋਜ਼ ਗੁਰੂ ਕੇ ਬਾਗ ਤੋਂ ਠੀਕ ਉਸ ਸਮੇਂ ਉਡਦਾ ਹੈ ਜਦੋਂ ਜੱਥੇ ਦੀ ਮਾਰ ਕੁਟਾਈ ਸ਼ੁਰੂ ਹੁੰਦੀ ਹੈ ਅਤੇ ਉਥੋਂ ਉਡ ਕੇ ਅੰਮ੍ਰਿਤਸਰ ਹਰਿਮੰਦਰ ਸਾਹਿਬ ਦੀ ਸੇਵਾ ਵਿਚ ਲਗੇ ਮਨੁੱਖਾਂ ਨੂੰ ਗੁਰੂ ਕੇ ਬਾਗ ਤੇ ਵਰਤਦੀ ਘਟਨਾ ਤੋਂ ਸੂਚਿਤ ਕਰਦਾ ਹੈ। ਉਨ੍ਹਾਂ ਨੇ ਮੈਨੂੰ ਪੁਛਿਆ ਕਿ ਆਇਆ ਇਹ ਪੰਛੀ ਮੇਰੀ ਨਜ਼ਰੀ ਪਿਆ ਸੀ ਜਾਂ ਨਹੀਂ, ਮੈਂ ਕਿਹਾ ਕਿ ਉਨ੍ਹਾਂ ਦੇ ਦਸਣ ਅਨੁਸਾਰ ਮੈਂ ਉਹ ਵੇਖ ਤਾਂ ਲਿਆ ਹੈ ਪ੍ਰੰਤੂ ਦੂਰ ਹੋਣ ਕਾਰਨ ਮੈਂ ਨਹੀਂ ਕਹਿ ਸਕਦਾ ਕਿ ਉਹ ਸੁਨਹਿਰੀ ਹੈ ਜਾਂ ਨਹੀਂ।' ਉਨ੍ਹਾਂ ਕਿਹਾ 'ਇਹ ਉਹੋ ਹੀ ਪੰਛੀ ਹੈ, ਇਹੋ ਸੁਨਹਿਰੀ ਬਾਜ਼ ਹੈ। ਇਹ ਹੁਣ ਏਥੇ ਵਰਤ ਰਹੀਆਂ ਕਠਨਾਈਆਂ ਦੀ ਖਬਰ ਦਰਬਾਰ ਸਾਹਿਬ ਪਹੁੰਚਾਉਣ ਗਿਆ ਹੈ।' ਮੈਂ ਵੇਖਿਆ ਉਨ੍ਹਾਂ ਦੇ ਚੇਹਰਿਆਂ ਤੋਂ ਉਸ ਸਮੇਂ ਇਕ ਖੁਸ਼ੀ ਟਪਕਦੀ ਸੀ, ਇਕ ਲਾਲੀ ਸੀ, ਖਾਸ ਕਰ ਅਧਖੜ ਉਮਰ ਦੀ ਇਕ ਸਿੱਖ ਇਸਤਰੀ, ਜੋ ਸਾਡੇ ਨਾਲ ਸੀ, ਦਾ ਚੇਹਰਾ ਉਸ ਦੇ ਅੰਦਰ ਦੀ ਡੂੰਘੀ ਸ਼ਰਧਾ ਤੇ ਭਾਵਨਾ ਦੀ ਤਸਵੀਰ ਬਣਿਆ ਹੋਇਆ ਸੀ। ਮੈਨੂੰ ਉਸ ਸਮੇਂ ਉਸ ਵਿਚੋਂ ਮੈਡੋਨਾ (ਈਸਾ ਮਸੀਹ ਦੀ ਮਾਤਾ) ਦੀ ਝਲਕ ਪਈ। ਮੇਰੇ ਸਾਥੀਆਂ ਦੇ ਚੇਹਰਿਆਂ ਤੇ ਡੂੰਘੇ ਸਿਦਕ ਅਤੇ ਸਤਿਕਾਰ ਦੀਆਂ ਭਾਵਨਾ ਅਤੇ ਉਨ੍ਹਾਂ ਦੇ ਅੰਦਰੋਂ ਉਮਲ ਪੈਂਦੇ ਨਿਰਮਲ ਭਉ ਵਾਲੇ ਚਾਉ ਨੇ ਮੈਨੂੰ ਅਤਿ ਪ੍ਰਭਾਵਤ ਕੀਤਾ। ਇਹ ਪਹਿਲੀ ਘਟਨਾ ਸੀ ਜਿਸ ਨੇ ਉਨ੍ਹਾਂ ਸਾਰੇ ਵਾਕਿਆਤ ਨੂੰ ਜੋ ਇਸ ਤੋਂ ਪਿਛੋਂ ਮੈਂ ਵੇਖੇ, ਧਾਰਮਕ ਰੰਗਤ ਦੇ ਦਿੱਤੀ। ਇਸ ਨੇ ਮੈਨੂੰ ਸਮੁਚੀ ਅਕਾਲੀ ਸੁਧਾਰ ਲਹਿਰ ਦਾ ਧਾਰਮਕ ਪੱਖ ਏਨਾ ਦ੍ਰਿੜ ਕਰਾਇਆ ਜਿਤਨਾ ਹੋਰ ਕੋਈ ਵਾਕਿਆ ਨਹੀਂ ਸੀ ਕਰਾ ਸਕਦਾ।'

ਨਹਿਰ ਦੀ ਪਟੜੀਉਂ ਉਤਰ ਅਸੀਂ ਕਾਫੀ ਵਾਟ ਇਕ ਖੁੱਲੇ ਮੈਦਾਨ ਵਿਚ ਦੀ ਲੰਘਣਾ ਸੀ ਜੋ ਕਈ ਥਾਈਂ ਪਾਣੀ ਨਾਲ ਭਰਿਆ ਹੋਇਆ ਸੀ। ਇਸ ਥਾਂ ਕੁਦਰਤੀ ਤੌਰ ਤੇ ਸਾਡੇ ਟਾਂਗਿਆਂ ਨੂੰ ਹੌਲੀ ਹੌਲੀ ਜਾਣਾ ਪਿਆ। ਰਸਤੇ ਵਿਚ ਸਾਨੂੰ ਨੀਲੀਆਂ ਦਸਤਾਰਾਂ ਵਾਲੇ ਇਕ ਸੌ ਸਿੰਘਾਂ ਦਾ ਜਥਾ ਮਿਲਿਆ ਜੋ ਉਸੇ ਦਿਨ ਸਵੇਰੇ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਇਹ ਸੁਗੰਧ ਖਾ ਕੇ ਤੁਰੇ ਸਨ ਕਿ ਉਹ ਨਾ ਬਚਨ ਅਤੇ ਨਾ ਕਰਮ ਕਰਕੇ ਕੋਈ ਤਸ਼ੱਦਦ ਦੀ ਗੱਲ ਕਰਨਗੇ, ਬਾਦ ਵਿਚ ਉਨ੍ਹਾਂ ਨੂੰ ਏਸ ਸੁਗੰਧ ਦੇ ਅਖਰ ਅਖਰ ਤੇ ਪੂਰਾ ਉਤਰਦਿਆਂ ਮੈਂ ਅਖੀਂ ਵੇਖਿਆ ਹੋਰ ਦਿਨਾਂ ਤੇ ਮੈਨੂੰ ਅਜੇਹੇ ਅਵਸਰ ਭੀ ਪ੍ਰਾਪਤ ਹੋਏ, ਜਦੋਂ ਮੈਂ ਉਨ੍ਹਾਂ ਨੂੰ ਦਰਬਾਰ ਸਾਹਿਬ ਤੋਂ

ਰਵਾਨਾ ਹੁੰਦੇ ਵੇਖਿਆ ਸੀ। ਉਹਨਾਂ ਦੇ ਚੇਹਰਿਆਂ ਤੋਂ ਇਕ ਚਾਉ ਤੇ ਖੁਸ਼ੀ ਟਪਕਦੀ ਸੀ, ਜਿਹੋ ਜਿਹਾ ਚਾਉ ਧਰਮ ਦੇ ਕੰਮ ਕਰਦਿਆਂ ਹੋਇਆ ਕਰਦਾ ਹੈ, ਅਤੇ ਉਨ੍ਹਾਂ ਦੀਆਂ ਕਾਲੀਆਂ ਦਸਤਾਰਾਂ ਉਪਰ ਸਫੈਦ ਫੁਲਾਂ ਦਾ ਛੋਟਾ ਜਿਹਾ ਹਾਰ, ਹਰ ਇਕ ਲਈ ਕਿਸੇ ਬਲੀ ਦੀ ਵੇਦੀ ਚੜ੍ਹਣ ਦਾ ਸੰਕੇਤ ਦੇਂਦਾ ਸੀ। ਮੈਂ ਇਹ ਭੀ ਵੇਖਿਆ ਕਿ ਜਦੋਂ ਉਹ ਵੱਡੀ ਸ਼ਰਧਾ, ਸਤਿਕਾਰ ਅਤੇ ਚਾਉ ਅੰਦਰ ਆਪਣਾ ਆਪ ਅਕਾਲ ਪੁਰਖ ਨੂੰ ਸਮਰਪਨ ਕਰਦੇ ਅਤੇ ਰਸਨਾ ਤੋਂ ਸਤਿਨਾਮੁ ਵਾਹਿਗੁਰੂ ਦਾ ਜਾਪ ਕਰਦੇ ਹੋਏ ਸ਼ਹਿਰ ਵਿਚੋਂ ਬਾਕਾਇਦਾ ਲਾਈਨਾਂ ਵਿਚ ਤੁਰਦੇ ਲੰਘਦੇ ਤਾਂ ਸ਼ਹਿਰ ਦੇ ਹਿੰਦੂ, ਮੁਸਲਮਾਨ ਅਤੇ ਹੋਰ ਸਭ ਧਰਮਾਂ ਦੇ ਲੋਕ ਉਨ੍ਹਾਂ ਨੂੰ ਵੇਖਣ, ਅਤੇ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਪਰਸੰਸਾ ਕਰਨ ਲਈ ਗਲੀਆਂ ਤੇ ਬਾਜ਼ਾਰਾਂ ਅੰਦਰ ਜੁੜ ਜਾਂਦੇ। ਸ਼ਹਿਰ ਵਿਚੋਂ ਤਾਂ ਉਨ੍ਹਾਂ ਆਪਣੀ ਯਾਤਰਾ ਅਰੰਭ ਹੀ ਕਰਨੀ ਹੁੰਦੀ ਪਰ ਅਗੋਂ ਮੀਲਾਂ ਲੰਬਾ ਸਫਰ ਉਹਨਾਂ ਨੇ ਚਿਕੜ ਪਾਣੀ ਦੇ ਭਰੇ ਰਾਹਾਂ ਤੋਂ ਕਰਨਾ ਹੁੰਦਾ। ਅੱਜ ਜਦੋਂ ਮੈਂ ਪਹਿਲੇ ਦਿਨ ਉਨ੍ਹਾਂ ਨੂੰ ਆਪਣੇ ਪਹੁੰਚ ਟਿਕਾਣੇ (ਮੰਜ਼ਲ ਮਕਸੂਦ) ਤੇ ਪੁਜਦਿਆਂ ਵੇਖਿਆ ਤਾਂ ਉਨ੍ਹਾਂ ਦੇ ਕਪੜਿਆਂ ਉਤੇ ਥਾਂ ਥਾਂ ਚਿੱਕੜ ਅਤੇ ਮਿੱਟੀ ਪਈ ਹੋਈ ਸੀ ਅਤੇ ਮੁੜ੍ਹਕਾ ਉਨ੍ਹਾਂ ਦੇ ਸਰੀਰਾਂ ਤੋਂ ਪਰਨਾਲਿਆਂ ਵਾਂਗ ਚਲ ਰਿਹਾ ਸੀ, ਪਰ ਉਨ੍ਹਾਂ ਦੀਆਂ ਦਸਤਾਰਾਂ ਦੇ ਦੁਆਲੇ ਸੁਫੇਦ ਫੁੱਲਾਂ ਦੇ ਹਾਰ ਉਸੇ ਤਰ੍ਹਾਂ ਦੱਖ ਦੇ ਰਹੇ ਸਨ ਅਤੇ ਉਨ੍ਹਾਂ ਦੇ ਮੂੰਹ ਤੋਂ ਉਠਦੀ 'ਸਤਿਨਾਮੁ ਵਾਹਿਗੁਰੂ' ਦੀ ਧੁਨੀ ਅਤੇ ਉਨ੍ਹਾਂ ਦੇ ਚੇਹਰਿਆਂ ਉਪਰ ਭਖਦੀ ਧਰਮ ਭਾਵਨਾ ਦੀ ਲਾਲੀ ਵਿਚ ਉਹੀ ਚੜ੍ਹਦੀ ਕਲਾ ਸੀ ਜਿਸ ਨੂੰ ਲੈ ਕੇ ਉਹ ਦਰਬਾਰ ਸਾਹਿਬ ਤੋਂ ਤੁਰੇ ਸਨ। ਉਨ੍ਹਾਂ ਵਿਚ ਕਈ ਛੋਟੀ ਉਮਰ ਦੇ ਲੜਕੇ ਵੀ ਸਨ ਅਤੇ ਥੋੜੇ ਜਹੇ ਸੁਫੈਦ ਦਾੜ੍ਹਿਆਂ ਵਾਲੇ ਬਿਰਧ ਭੀ, ਜੋ ਹਠ ਕਰਕੇ ਜਥੇ ਵਿਚ ਸ਼ਾਮਲ ਹੋਏ ਸਨ। ਪਰ ਬਹੁਤੇ ਭਰ ਜੋਬਨ ਸਨ ਅਤੇ ਇਹ ਅਨੁਮਾਨ ਸੌਖੇ ਹੀ ਲਾਇਆ ਜਾ ਸਕਦਾ ਸੀ ਕਿ ਉਨ੍ਹਾਂ ਕਮਾਏ ਹੋਏ ਤੇ ਗਠੇ ਸਰੀਰ ਗਭਰੂਆਂ ਵਿਚੋਂ ਬਹੁਤ ਸਾਰੇ ਅਜੇਹੇ ਵੀ ਸਨ ਜਿਨ੍ਹਾਂ ਫ਼ੌਜੀ ਨੌਕਰੀ ਕੀਤੀ ਹੋਈ ਸੀ। ਬਾਦ ਵਿਚ ਮੈਨੂੰ ਇਹਨਾਂ ਦੀ ਸਹੀ ਗਿਣਤੀ ਜਾਨਣ ਦਾ ਅਵਸਰ ਭੀ ਮਿਲ ਗਿਆ ਜਿਸ ਤੋਂ ਮਲੂਮ ਹੁੰਦਾ ਹੈ ਕਿ ਅਕਾਲੀ ਜਥਿਆਂ ਅੰਦਰ ਜਾਣ ਵਾਲੇ ਘਟੋ ਘਟ ਇਕ ਤਿਹਾਈ ਉਹ ਜਵਾਨ ਸਨ, ਜਿਨ੍ਹਾਂ ਨੇ ਸੈਨਿਕ ਜੀਵਨ ਬਿਤਾਇਆ ਹੋਇਆ ਸੀ ਅਤੇ ਜੋ ਵੱਡੇ ਵਿਸ਼ਵ ਜੰਗ ਅੰਦਰ ਸ਼ਾਮਲ ਰਹੇ ਸਨ। ਰਸਤੇ ਜਾਂਦੇ ਜਥੇ ਨੂੰ ਮਿਲ ਪੈਣ ਮਗਰੋਂ ਅਸੀਂ ਟਾਂਗਿਆਂ ਤੋਂ ਉਤਰ ਗਏ ਅਤੇ ਕੁਝ ਵਾਟ ਜਥੇ ਦੇ ਨਾਲ ਤੁਰਦੇ ਗਏ। ਮੈਂ ਅੰਗਰੇਜ਼ੀ ਪੁਸ਼ਾਕ ਪਹਿਨੀ ਹੋਈ ਸੀ ਅਤੇ ਸਿਰ ਤੇ ਧੁੱਪ ਰੋਕੂ ਟੋਪ ਸੀ, ਪਰ ਇਹ ਜਾਨਣ ਤੋਂ ਬਿਨਾ ਕਿ ਮੈਂ ਕੌਣ ਹਾਂ, ਉਨ੍ਹਾਂ ਨੇ ਮੇਰੀ ਬੰਦਗੀ ਦਾ ਮੈਨੂੰ ਬਾਕਾਇਦਾ ਜਵਾਬ ਦਿੱਤਾ ਅਤੇ ਮੈਨੂੰ ਵੇਖ ਕੇ ਉਨ੍ਹਾਂ ਦੇ

ਚੇਹਰਿਆਂ ਤੇ ਰਤਾ ਭਰ ਵਟ ਨਹੀਂ ਪਿਆ। ਇਕ ਥਾਂ ਪਾਣੀ ਪੀਣ ਲਈ ਥੋੜਾ ਅਟਕਣਾ ਪਿਆ, ਉਸ ਸਮੇਂ ਉਨ੍ਹਾਂ ਨੂੰ ਮੇਰਾ ਪਤਾ ਲੱਗਾ ਤੇ ਉਹ ਮੇਰੇ ਪਾਸ ਆਏ। ਜੋ ਆਦਮੀ ਪਾਣੀ ਪਿਲਾ ਰਿਹਾ ਸੀ, ਉਸ ਨੇ ਇਕ ਪਿਤਲ ਦਾ ਭਾਂਡਾ ਜਿਸ ਨਾਲ ਉਹ ਪਾਣੀ ਪਿਲਾਉਂਦਾ ਸੀ, ਪਾਣੀ ਦਾ ਭਰਕੇ ਮੇਰੇ ਵੱਲ ਕੀਤਾ ਅਤੇ ਜਦੋਂ ਮੈਂ ਪਾਣੀ ਲੈਣ ਲਈ ਓਕ ਕੀਤੀ ਤਾਂ ਉਹ ਮੈਨੂੰ ਕਹਿਣ ਲੱਗਾ 'ਤੁਸੀਂ ਇਸ ਬਰਤਨ ਨੂੰ ਮੂੰਹ ਲਾ ਕੇ ਪੀ ਲਵੋ, ਚੁਨਾਚਿ ਮੈਂ ਉਹ ਭਾਂਡਾ ਲੈ ਕੇ ਇਸ ਵਿਚੋਂ ਪਾਣੀ ਪੀ ਲਿਆ। ਇਸ ਗੱਲ ਨੇ ਭੀ ਮੇਰੇ ਮਨ ਤੇ ਬੜਾ ਧਾਰਮਕ ਪ੍ਰਭਾਵ ਪਾਇਆ ਅਤੇ ਮੈਨੂੰ ਐਉਂ ਲਗਾ ਜਿਵੇਂ ਕੁਰਬਾਨੀ ਦੇਣ ਤੋਂ ਪਹਿਲੋਂ ਮੈਨੂੰ ਅੰਮ੍ਰਿਤ ਦਾ ਘੁਟ ਪਿਲਾਇਆ ਗਿਆ ਹੋਵੇ।

ਰਸਤੇ ਵਿੰਚ ਜਿਸ ਥਾਉਂ ਭੀ ਪਾਣੀ ਪਿਲਾਉਣ ਦਾ ਪ੍ਰਬੰਧ ਹੋ ਸਕਦਾ ਸੀ, ਪਿੰਡਾਂ ਦੇ ਮਨੁੱਖ ਇਸਤਰੀ ਹਰ ਰੋਜ਼ ਜਥੇ ਦੀ ਜਲ ਪਾਣੀ ਦੀ ਸੇਵਾ ਵਾਸਤੇ ਜਥੇ ਦੀ ਉਡੀਕ ਵਿਚ ਖੜੇ ਰਹਿੰਦੇ ਸਨ। ਇਹਨਾਂ ਅੰਦਰ ਭੀ, ਖਾਸ ਕਰ ਜ਼ਨਾਨੀਆਂ ਦੇ ਚੇਹਰਿਆਂ ਉਪਰ ਇਕ ਅਸਾਧਾਰਨ ਭਾਵਨਾ ਤੇ ਪਿਆਰ ਝਲਕਦਾ ਸੀ। ਜਿਸ ਤਰ੍ਹਾਂ ਕਿ ਮਾਵਾਂ ਆਪਣੇ ਬਚਿਆਂ ਨੂੰ ਧਰਮ ਹਿਤ ਕੁਰਬਾਨ ਹੋਣ ਅਤੇ ਬਿਨਾਂ ਹੱਥ ਉਠਾਏ ਮੁਸੀਬਤਾਂ ਸਹਿਣ ਲਈ ਅਸੀਸਾਂ ਦੇ ਰਹੀਆਂ ਹੋਣ।

ਬੜੀਆਂ ਕਠਨਾਈਆਂ ਸਹਿਣ ਅਤੇ ਔਖੀਆਂ ਘਾਟੀਆਂ ਵਿਚੋਂ ਲੰਘਣ ਮਗਰੋਂ ਅਖੀਰ ਅਸੀਂ ਗੁਰੂ ਕੇ ਬਾਗ ਪਹੁੰਚ ਗਏ। ਪਹਿਲੀ ਚੀਜ਼ ਜੋ ਸਾਡੀ ਨਜ਼ਰੀਂ ਪਈ ਉਹ ਅੱਠ ਮੋਟਰ ਲਾਰੀਆਂ ਸਨ, ਜਿਹੋ ਜਹੀਆਂ ਮੁਸਾਫਰਾਂ ਦੀ ਆਵਾਜਾਈ ਲਈ ਆਮ ਵਰਤੀਆਂ ਜਾਂਦੀਆਂ ਹਨ। ਏਥੇ ਉਹ ਫਟੜਾਂ ਅਤੇ ਮਰੀਜ਼ਾਂ ਨੂੰ ਉਠਾ ਲੈ ਜਾਣ ਹਿਤ ਲਿਆਂਦੀਆਂ ਗਈਆਂ ਸਨ। ਉਨ੍ਹਾਂ ਨੂੰ ਵੇਖਣ ਸਾਰ ਮੇਰੇ ਮਨ ਉਪਰ ਉਨ੍ਹਾਂ ਫਟੜਾਂ ਦੀ ਭਿਆਨਕ ਪੀੜਾਂ ਦਾ ਨਕਸ਼ਾ ਖਿਚਿਆ ਗਿਆ ਜਿਨ੍ਹਾਂ ਨੂੰ ਇਨ੍ਹਾਂ ਲਾਰੀਆਂ ਵਿਚ ਪਾ ਕੇ ਚੌਦਾਂ ਮੀਲ ਤੋਂ ਵਧ ਸਫਰ ਕਟ ਕੇ ਸ਼ਹਿਰ ਵਿਚ ਇਨ੍ਹਾਂ ਵਾਸਤੇ ਸਥਾਪੇ ਹਸਪਤਾਲਾਂ ਵਿਚ ਲੈ ਜਾਇਆ ਜਾਏਗਾ। ਇਨ੍ਹਾਂ ਲਾਰੀਆਂ ਦਾ ਕਈ ਥਾਂਈ ਰਸਤੇ ਦੇ ਚਿਕੜ ਅੰਦਰ ਫਸ ਜਾਣਾ ਭੀ ਯਕੀਨੀ ਗੱਲ ਸੀ ਅਤੇ ਕੱਚੇ ਰਸਤਿਆਂ ਦੇ ਧੱਕੇ ਧੋੜੇ ਜੋ ਨਵਾਂ ਨਿਰੋਆ ਆਦਮੀ ਭੀ ਔਖੇ ਹੀ ਬਰਦਾਸ਼ਤ ਕਰਦਾ ਹੈ ਏਹਨਾਂ ਵਾਸਤੇ, ਜਿਨ੍ਹਾਂ ਦੇ ਸਰੀਰਾਂ ਉਪਰ ਕਈ ਸੱਟਾਂ ਤੇ ਜ਼ਖਮ ਹੋਣਗੇ ਬਰਦਾਸ਼ਤ ਕਰਨਾ ਕਿੰਨਾ ਔਖਾ ਹੋਵੇਗਾ।

ਜੇਕਰ ਥੋੜੀ ਜਿਤਨੀ ਇਨਸਾਨੀ ਹਮਦਰਦੀ ਭੀ ਇਨ੍ਹਾਂ ਵਿਚ ਹੁੰਦੀ ਤਾਂ ਸ੍ਰਕਾਰੀ ਕ੍ਰਮਚਾਰੀ ਇਸ ਦਾ ਜ਼ਰੂਰ ਖਿਆਲ ਕਰਦੇ ਪਰ ਇਹ ਗੱਲ ਕਿਸੇ ਨੂੰ ਨਹੀਂ ਫੁਰੀ ਅਤੇ ਨਾ ਕਿਸੇ ਸੁਝਾਈ। ਨਹਿਰ ਦੇ ਨਾਲ ਵਗਦਾ ਆਮ ਕੱਚਾ ਰਸਤਾ ਪੇਂਡੂ ਸੜਕਾਂ ਤੋਂ ਭੀ ਭੈੜਾ ਸੀ, ਪਰ ਨਹਿਰ ਦੇ ਦੂਜੇ ਪਾਰ ਸ੍ਰਕਾਰੀ ਅਫਸਰਾਂ ਦੇ ਜਾਣ

ਆਉਣ ਵਾਸਤੇ ਇਕ ਸਰਵਿਸ ਰੋਡ ਬਣੀ ਹੋਈ ਸੀ ਜਿਸ ਉਤੇ ਫੱਟੜਾਂ ਦੀਆਂ ਲਾਰੀਆਂ ਬੜੇ ਆਰਾਮ ਨਾਲ ਅਤੇ ਜਲਦੀ ਜਾ ਸਕਦੀਆਂ ਸਨ ਅਤੇ ਜੇ ਲਾਰੀਆਂ ਲਈ ਇਹ ਖੋਹਲ ਦਿੱਤੀ ਜਾਂਦੀ ਤਾਂ ਗੁਰੂ ਕੇ ਬਾਗ ਤੋਂ ਜ਼ਖਮੀਆਂ ਨੂੰ ਲੈ ਜਾਣ ਵਾਸਤੇ ਇਸ ਨਾਲ ਬੇਹਦ ਸਹੂਲਤ ਹੋ ਜਾਂਦੀ ਪਰ ਹੇਠਲੀ ਸ਼ਰੇਣੀ ਦੇ ਕਰਮਚਾਰੀਆਂ ਨੇ, ਜਿਨ੍ਹਾਂ ਨੂੰ ਡਾਕਟਰਾਂ ਅਤੇ ਇਸ ਕੰਮ ਤੇ ਲਗੇ ਹੋਰ ਸੇਵਾਦਾਰਾਂ ਵਲੋਂ ਕਈ ਵਾਰ ਇਹ ਰਾਹ ਖੋਹਲ ਦੇਣ ਲ਼ਈ ਬੇਨਤੀ ਕੀਤੀ ਗਈ, ਇਤਨਾ ਕਹਿਣ ਕਹਾਉਣ ਦੀ ਰਤਾ ਪ੍ਰਵਾਹ ਨਹੀਂ ਕੀਤੀ। ਮੇਰਾ ਯਕੀਨ ਹੈ ਕਿ ਅਗਰ ਵੱਡੇ ਅਫਸਰਾਂ ਨੂੰ ਸਰਵਿਸ ਰੋਡ ਖੋਹਲ ਦੇਣ ਲਈ ਕਿਹਾ ਜਾਂਦਾ ਤਾਂ ਉਹ ਇਨਕਾਰ ਨਾ ਕਰਦੇ। ਪਰ ਹਿੰਦੂਸਤਾਨ ਅੰਦਰ ਇਸ ਸਮੇਂ ਵਡੀ ਮੁਸ਼ਕਲ ਇਸ ਗੱਲ ਦੀ ਹੈ ਕਿ ਆਮ ਜਨਤਾ ਅਤੇ ਸਰਕਾਰੀ ਕ੍ਰਮਚਾਰੀਆਂ ਵਿਚਾਲੇ ਇਕ ਵੱਡਾ ਪਾੜ ਪੈ ਚੁਕਾ ਹੈ ਜੋ ਦਿਨੋ ਦਿਨ ਵਧਦਾ ਜਾ ਰਿਹਾ ਹੈ ਅਤੇ ਜਨਤਾ ਨੂੰ ਏਨਾ ਤਜਰਬਾ ਹੋ ਚੁੱਕਾ ਹੈ ਕਿ ਉਨ੍ਹਾਂ ਦਾ ਸਰਕਾਰੀ ਕ੍ਰਮਚਾਰੀਆਂ ਉਪਰ ਡੱਕੇ ਜਿੰਨਾ ਵੀ ਵਿਸਾਹ ਨਹੀਂ ਰਿਹਾ।

***

# ਗੁਰੂ ਕੇ ਬਾਗ ਪੁੱਜਣ ਉਪਰੰਤ

ਜਦੋਂ ਮੈਂ ਗੁਰਦੁਆਰੇ ਪੁੱਜਾ ਤਾਂ ਮੈਨੂੰ ਇਹ ਵੇਖਕੇ ਬੜੀ ਹੈਰਾਨੀ ਹੋਈ ਕਿ ਉਥੇ ਬਾਵਜੂਦ ਏਨੀ ਖਲਕਤ ਇਕੱਠ ਹੋਣ ਦੇ, ਉਨ੍ਹਾਂ ਅੰਦਰ ਰਤਾ ਭਰ ਜੋਸ਼ ਜਾਂ ਗਰਮੀ ਨਹੀਂ ਸੀ, ਜਿਸ ਦਾ ਹੋਣਾ ਮੈਂ ਜ਼ਰੂਰੀ ਸਮਝਦਾ ਸੀ। ਅੰਦਰ ਇਕ ਆਦਮੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਬੜੇ ਸਹਿਜ ਸੁਭਾਅ ਨਾਲ ਕਰ ਰਿਹਾ ਸੀ ਅਤੇ ਸਾਰੀ ਸੰਗਤ ਵਡੀ ਸ਼ਾਂਤੀ ਨਾਲ ਚੁਪਚਾਪ ਪਾਠ ਸੁਣ ਰਹੀ ਸੀ। ਇਕ ਹੋਰ ਵੰਨੇ ਕੁਝ ਸੇਵਾਦਾਰ ਆਏ ਯਾਤਰੂਆਂ ਦੇ ਸ਼ਾਮ ਦੇ ਲੰਗਰ ਵਾਸਤੇ ਚੱਕੀ ਤੇ ਆਟਾ ਪੀਹ ਰਹੇ ਸਨ। ਏਥੇ ਕਿਸੇ ਨੂੰ ਚਿਤ ਚੇਤਾ ਭੀ ਨਹੀਂ ਸੀ ਕਿ ਜਥੇ ਦੀ ਮਾਰ ਕੁਟਾਈ ਸ਼ੁਰੂ ਹੋ ਚੁਕੀ ਸੀ ਅਤੇ ਕਈ ਸਿੰਘ ਇਸ ਤੋਂ ਪਹਿਲਾਂ ਮਾਰੇ ਕੁਟੇ ਜਾ ਚੁਕੇ ਸਨ। ਮੈਂ ਇਕ ਆਦਮੀ ਨੂੰ ਪੁਛਿਆ ਤਾਂ ਮੈਨੂੰ ਪਤਾ ਲਗਾ ਕਿ ਮਾਰ ਕੁਟਾਈ ਤਾਂ ਚਲ ਰਹੀ ਸੀ। ਮੈਂ ਫੌਰਨ ਉਸ ਵਨੇ ਅਗੇ ਵਧਿਆ ਤਾਂ ਮੈਂ ਵੇਖਿਆ ਕਿ ਕਈ ਸੌ ਆਦਮੀ ਇਕ ਖੁਲੇ ਥਾਉਂ ਬੈਠੇ ਮਾਰ ਕੁਟਾਈ ਹੁੰਦੀ ਆਪਣੀਆਂ ਅੱਖਾਂ ਸਾਮ੍ਹਣੇ ਵੇਖ ਰਹੇ ਸਨ, ਉਨ੍ਹਾਂ ਦੇ ਚੇਹਰਿਆਂ ਤੋਂ ਉਸ ਦ੍ਰਿਸ਼ ਦੀ ਭਿਆਨਕਤਾ ਅਤੇ ਉਹਨਾਂ ਦੇ ਅੰਦਰ ਦੀ ਪੀੜ ਦਾ ਅੰਦਾਜ਼ਾ ਕੀਤਾ ਜਾ ਸਕਦਾ ਸੀ। ਜਿਥੇ ਮਾਰ ਕੁਟਾਈ ਹੋ ਰਹੀ ਸੀ ਉਸ ਥਾਉਂ, ਅਤੇ ਮੇਰੇ ਵਿਚਾਲੇ ਇਕ ਮਕਾਨ ਦਾ ਉਹਲਾ ਸੀ, ਪਰ ਦਰਸ਼ਕ ਲੋਕ ਮੇਰੇ ਸਾਮ੍ਹਣੇ ਸਨ। ਮੈਂ ਵੇਖਿਆ ਕਿ ਇਹ ਬਿਲਕੁਲ ਚੁਪ ਚਾਪ ਸਨ, ਪਰ ਬਹੁਤਿਆਂ ਦੇ ਬੁੱਲ੍ਹ ਫਰਕਦੇ ਅਤੇ ਅਕਾਲ ਪੁਰਖ ਅਗੇ ਅਰਜੋਈਆਂ ਕਰ ਰਹੇ ਪ੍ਰਤੀਤ ਹੁੰਦੇ ਸਨ। ਉਨ੍ਹਾਂ ਨੂੰ ਇਹ ਹੀ ਸਿਖਾਇਆ ਗਿਆ ਹੋਇਆ ਸੀ ਕਿ ਉਹ ਵਾਹਿਗੁਰੂ ਵਾਹਿਗੁਰੂ ਜਾ ਜਾਪ ਕਰਦੇ ਹੋਏ ਉਸ ਦੀ ਮਿਹਰ ਤੇ ਬਖਸ਼ਸ਼ ਦੀ ਜਾਚਨਾ ਕਰਨ। ਉਨ੍ਹਾਂ ਲੋਕਾਂ ਦੇ ਚੇਹਰਿਆਂ ਪਰ ਪੀੜਾਂ ਦੇ ਆਸਾਰ ਅਤੇ ਖਾਮੋਸ਼ੀ ਅੰਦਰ ਉਨ੍ਹਾਂ ਦੇ ਹਿਰਦਿਆਂ ਤੋਂ ਉਠ ਰਹੀਆਂ ਅਰਦਾਸਾਂ ਮੈਨੂੰ ਹਜ਼ਰਤ ਈਸਾ ਮਸੀਹ ਦੀ ਸੂਲੀ ਦਾ ਅਕਸ ਵਿਖਾ ਰਹੀਆਂ ਸਨ। ਉਨ੍ਹਾਂ ਨਾਲ ਜੋ ਬੀਤ ਰਹੀ ਸੀ ਉਹ ਸਚਮੁਚ ਹੀ ਈਸਾ ਮਸੀਹ ਦੇ ਸੂਲੀ ਚੜਣ ਦਾ ਧੁੰਧਲਾ ਜੇਹਾ ਚਿੱਤਰ ਸੀ। (what was happening to them was truly in some dim way a crucification) ਅਕਾਲੀਆਂ ਉਪਰ ਵਰ੍ਹਾਈ ਜਾ ਰਹੀ (ਮੁਸੀਬਤਾਂ ਦੀ) ਅੱਗ ਨੂੰ ਉਹ ਅੰਮ੍ਰਿਤ ਦੇ ਛੱਟਿਆਂ ਸਮਾਨ ਸਮਝਦੇ ਸਨ ਅਤੇ ਆਪਣੇ ਦਰਦ ਭਰੇ ਹਿਰਦਿਆਂ ਦੀ ਡੂੰਘਾਈ ਤੋਂ ਅਕਾਲ ਪੁਰਖ ਦੀ ਬਖਸ਼ਸ਼ ਅਤੇ ਮਿਹਰ ਲਈ ਅਰਦਾਸਾਂ ਭੇਜ ਰਹੇ ਸਨ।

ਹੁਣ ਤਕ ਮਾਰ ਕੁਟਾਈ ਦਾ ਦ੍ਰਿਸ਼ ਮੈਂ ਨਹੀਂ ਵੇਖਿਆ ਸੀ, ਕੇਵਲ ਹੋਰ ਦਰਸ਼ਕਾਂ ਦੇ ਚਿਹਰਿਆਂ ਤੋਂ ਹੀ ਇਸ ਦਾ ਅਨੁਮਾਨ ਲਾਇਆ ਸੀ। ਪਰ ਜਦੋਂ ਮੈਂ ਵਿਚਾਲੇ ਵਾਲੇ ਮਕਾਨ ਤੋਂ ਅੱਗੇ ਲੰਘ ਇਸ ਨੂੰ ਆਪਣੀ ਅੱਖੀਂ ਵੇਖਿਆ ਤਾਂ ਮੈਨੂੰ ਮੈਦਾਨ ਵਿਚ ਬੈਠੇ ਦਰਸ਼ਕਾਂ ਦੇ ਪੀੜਤ ਚੇਹਰਿਆਂ ਅਤੇ ਉਨ੍ਹਾਂ ਦੇ ਫਰਕਦੇ ਬੁਲ੍ਹਾਂ ਵਿਚੋਂ ਨਿਕਲ ਰਹੀਆਂ ਅਰਦਾਸਾਂ ਦੀ ਸਮਝ ਪਈ। ਇਹ ਅਜੇਹਾ ਦ੍ਰਿਸ਼ ਸੀ ਜਿਸ ਨੂੰ ਮੁੜ ਵੇਖਣ ਦੀ ਮੇਰੀ ਚਾਹ ਕਦੀ ਨਹੀਂ ਹੋ ਸਕਦੀ, ਨਾ ਕਦੀ ਕੋਈ ਅੰਗਰੇਜ਼ ਇਸ ਨੂੰ ਸਹੀ ਮੰਨ ਸਕਦਾ ਹੈ। ਮੈਂ ਵੇਖਿਆ, ਕਾਲੀਆਂ ਦਸਤਾਰਾਂ ਵਾਲੇ ਚਾਰ ਅਕਾਲੀ, ਦਰਜਨ ਕੁ ਪੁਲਸੀਆਂ, ਜਿਨ੍ਹਾਂ ਵਿਚ ਦੋ ਅੰਗਰੇਜ਼ ਸਨ, ਦੇ ਸਾਮ੍ਹਣੇ ਖੜੇ ਸਨ। ਮੇਰੇ ਵੇਖਣ ਤੋਂ ਪਹਿਲੇ ਇਹ ਚਾਰੇ ਹੌਲੀ ਹੌਲੀ ਚਲਦੇ ਉਥੇ ਪੁੱਜੇ ਸਨ ਜਿਥੇ ਉਹ ਬਿਲਕੁਲ ਅਹਿੱਲ ਖੜੇ ਸਨ ਅਤੇ ਅੱਗੇ ਨਹੀਂ ਵਧ ਰਹੇ ਸਨ। ਉਨ੍ਹਾਂ ਦੇ ਹੱਥ ਜੁੜੇ ਹੋਏ ਸਨ ਅਤੇ ਐਉਂ ਲਗਦਾ ਸੀ ਜਿਵੇਂ ਉਹ ਅਰਦਾਸ ਕਰ ਰਹੇ ਹੋਣ। ਫਿਰ ਉਨ੍ਹਾਂ ਵਲੋਂ ਕਿਸੇ ਤਰ੍ਹਾਂ ਦੀ ਭੜਕਾਹਟ ਮਿਲਣ ਦੇ ਬਗੈਰ ਹੀ ਇਕ ਅੰਗਰੇਜ਼ ਨੇ ਪਿੱਤਲ ਦੇ ਸੱਮ ਵਾਲੀ ਡਾਂਗ ਦੀ ਐਨੇ ਜ਼ੋਰ ਦੀ ਇਕ ਹੁੱਜ ਮਾਰੀ ਕਿ ਉਸ ਦੀ ਮੁਠੀ ਜਿਸ ਵਿਚ ਉਸ ਨੇ ਡਾਂਗ ਫੜੀ ਹੋਈ ਸੀ ਅਰਦਾਸ ਕਰ ਰਹੇ ਅਕਾਲੀ ਦੀ ਹੰਸਲੀ ਦੀ ਹਡੀ ਤੇ ਬੜੇ ਜ਼ੋਰ ਦੀ ਵਜੀ। ਅਤਿ ਬੁਜ਼ਦਿਲਾਨਾ ਤੇ ਕੋਝੇ ਵਾਰ ਨੂੰ ਵੇਖ ਮੇਰੇ ਲਈ ਆਪਣੇ ਆਪ ਨੂੰ ਸੰਭਾਲਣਾ ਭੀ ਬੜਾ ਮੁਸ਼ਕਲ ਸੀ, ਪਰ ਮੈਂ ਇਸ ਗੱਲ ਤੇ ਆਪਣਾ ਮਨ ਏਨਾ ਪੱਕਾ ਕੀਤਾ ਹੋਇਆ ਸੀ ਕਿ ਭਾਵੇਂ ਕੁਝ ਭੀ ਹੋਵੇ ਮੈਂ ਨਾ ਕੁਝ ਕਹਿਣਾ ਹੈ ਅਤੇ ਨਾ ਕਰਨਾ ਹੈ। ਕੇਵਲ ਵੇਖਣਾ ਹੀ ਹੈ। ਕਿਉਂਕਿ ਮੈਂ ਸਮਝਦਾ ਸਾਂ ਕਿ ਉਹ ਸੁਗੰਧ ਜੋ ਅੱਗੋਂ ਹੱਥ ਨਾ ਚੁਕਣ ਸੰਬੰਧੀ ਅਕਾਲੀਆਂ ਨੇ ਖਾਧੀ ਹੋਈ ਸੀ, ਮੇਰੇ ਲਈ ਭੀ ਓਨੀ ਹੀ ਪਵਿੱਤਰ ਸੀ ਜਿੰਨੀ ਉਹਨਾਂ ਲਈ। ਸੋ ਚੁਪ ਰਹਿਣ ਲਈ ਮੈਂ ਮਜ਼ਬੂਰ ਸਾਂ। ਪ੍ਰੰਤੂ ਜਿੰਨਾਂ ਨੇ ਇਹ ਦ੍ਰਿਸ਼ ਆਪਣੀ ਅੱਖੀਂ ਨਹੀਂ ਵੇਖਿਆ ਉਨ੍ਹਾਂ ਨੂੰ ਇਹ ਦਸਣਾ ਕਠਨ ਹੈ ਕਿ ਅਜੇਹਾ ਖਾਮੋਸ਼ ਰਵਈਆ ਅਪਨਾਉਣਾ ਕਿੰਨਾ ਮੁਸ਼ਕਲ ਸੀ।

ਜੇਹੜੀ ਹੁੱਜ ਅਕਾਲੀ ਸਿੱਖ ਨੂੰ ਵਜਦੀ ਮੈਂ ਵੇਖੀ ਸੀ, ਉਹ ਏਨੀ ਸਖਤ ਸੀ ਕਿ ਉਹ ਚੁਫਾਲ ਭੁੰਝੇ ਜਾ ਪਿਆ। ਉਸ ਨੇ ਪਾਸਾ ਪਰਤਿਆ ਅਤੇ ਔਖ-ਸੌਖ ਕਰਕੇ ਉਠਿਆ ਹੀ ਸੀ ਕਿ ਉਸੇ ਤਰ੍ਹਾਂ ਦਾ ਵਾਰ ਉਸ ਤੇ ਮੁੜ ਹੋਇਆ। ਇਸ ਤਰ੍ਹਾਂ ਉਨ੍ਹਾਂ ਚਾਰ 'ਚੋਂ ਜੇਹੜਾ ਭੀ ਅੱਗੇ ਵਧਦਾ ਉਸ ਨੂੰ ਮਾਰ-ਮਾਰ ਕੇ ਭੁੰਝੇ ਸੁਟਿਆ ਜਾਂਦਾ। ਕਦੀ ਅੰਗਰੇਜ਼ ਅਫਸਰ ਮਾਰਦਾ ਅਤੇ ਕਦੀ ਉਸ ਦਾ ਮਾਤੈਹਤ ਪੁਲਸ ਦਾ ਕੋਈ ਸਿਪਾਹੀ। ਪਰ ਪਿਛੋਂ ਆਏ ਤਿੰਨਾਂ ਅਕਾਲੀਆਂ ਨੂੰ ਛੇਤੀ ਹੀ ਭੁੰਝੇ ਸੁੱਟ ਲਿਆ ਗਿਆ। ਇਨ੍ਹਾਂ ਉਪਰ ਅਤੇ ਇਨ੍ਹਾਂ ਤੋਂ ਪਿਛੇ ਆਏ ਅਕਾਲੀਆਂ ਉਪਰ ਪੁਲਸ ਵਲੋਂ

ਜਿਤਨੇ ਭੀ ਵਾਰ ਹੋਏ ਉਹ ਅਤਿ ਵਹਿਸ਼ੀਆਨਾ ਸਨ ਇਕ ਸਾਮ੍ਹਣੇ ਪਏ ਨਿਢਾਲ ਹੋਏ ਸਿੱਖ ਦੇ ਪੇਟ ਪਰ, ਇਕ ਸਿਪਾਹੀ ਨੂੰ, ਕਸ ਕੇ ਠੁਡੇ ਮਾਰਦਿਆਂ ਮੈਂ ਆਪਣੀ ਅੱਖੀਂ ਵੇਖਿਆ। ਇਹ ਏਨੀ ਨੀਚਤਾ ਭਰੀ ਜ਼ਰਬ ਸੀ ਕਿ ਮੇਰੀ ਚੀਕ ਨਿਕਲ ਗਈ ਅਤੇ ਮੈਂ ਅੱਗੇ ਵਧਣੋਂ ਨਾ ਰਹਿ ਸਕਿਆ। ਪਰ ਛੇਤੀ ਪਿਛੋਂ ਮੈਨੂੰ ਇਸ ਤੋਂ ਭੀ ਵਧੇਰੇ ਘਿਰਣਾ-ਜਨਕ ਘਟਨਾ ਵੇਖਣ ਦਾ ਮੌਕਾ ਮਿਲਿਆ। ਉਹ ਸੀ ਇਕ ਪੁਲਸੀਏ ਦਾ ਭੁੰਝੇ ਪਟਕਾਏ ਇਕ ਅਕਾਲੀ ਦੇ ਮੋਢੇ ਅਤੇ ਗਰਦਨ ਵਿਚਾਲੇ ਬੂਟਾਂ ਸਮੇਤ ਉਪਰ ਚੜ੍ਹ ਜਾਣਾ ਅਤੇ ਉਸ ਉਤੇ ਪੂਰਾ ਦਬਾ ਪਾ ਦੇਣਾ। ਏਨਾ ਹੀ ਘਿਰਣਾ-ਜਨਕ ਪੁਲਸ ਦਾ ਇਕ ਵਾਰ ਡਿਗੇ ਪਏ ਮਨੁੱਖ ਦੇ ਪਾਸ ਖੜੇ ਇਕ ਅਕਾਲੀ ਉਪਰ ਪਿਆ। ਏਸ ਵਾਰ ਨੇ ਉਸ ਅਕਾਲੀ ਨੂੰ ਆਪਣੇ ਡਿਗੇ ਪਏ ਬੇਹੋਸ਼ ਸਾਥੀ ਦੇ ਨਾਲ ਲਿਟਾ ਦਿੱਤਾ ਜਦੋਂ ਕਿ ਉਸ ਬੇਹੋਸ਼ ਨੂੰ ਦੋ ਸੇਵਾਦਾਰ ਉਥੋਂ ਚੁਕਣ ਲਗੇ ਸਨ। ਸਿਪਾਹੀ ਦਾ ਇਹ ਵਾਰ ਏਨੇ ਵਹਿਸ਼ੀਆਨੇ ਤੇ ਨੀਚਤਾ ਭਰੇ ਇਰਾਦੇ ਨਾਲ ਕੀਤਾ ਗਿਆ ਹੋਇਆ ਸੀ ਕਿ ਮੈਂ ਇਹ ਆਸ ਲਾਈ ਹੋਈ ਸੀ ਕਿ ਅੰਗਰੇਜ਼ ਅਫਸਰ, ਪੁਲਸ ਦੇ ਇਹ ਅਤੇ ਹੋਰ ਅਜੇਹੇ ਵਾਰ ਕਰਨ ਵਾਲੇ ਸਿਪਾਹੀਆਂ ਨੂੰ ਜ਼ਰੂਰ ਝਾੜ ਪਾਏਗਾ। ਪਰ ਜਿਥੋਂ ਤਾਈਂ ਮੈਂ ਵੇਖ ਸਕਿਆ ਹਾਂ ਉਸ ਅਫਸਰ ਨੇ ਇਕ ਵਾਰ ਵੀ ਆਪਣੇ ਆਦਮੀਆਂ ਨੂੰ ਅਜੇਹਾ ਕਰਨ ਤੇ ਨਹੀਂ ਤਾੜਿਆ। ਮੈਂ ਇਹ ਸਾਰੀਆਂ ਗੱਲਾਂ ਗਵਰਨਰ ਸਾਹਿਬ ਅਤੇ ਹੋਰ ਹਰ ਅਫਸਰ ਨੂੰ ਜਿਨ੍ਹਾਂ ਨੂੰ ਉਸ ਤੋਂ ਪਿਛੋਂ ਮੈਂ ਮਿਲਿਆ, ਚੰਗੀ ਤਰ੍ਹਾਂ ਖੋਹਲ ਕੇ ਦਸੀਆਂ।

ਇਸ ਸਾਰੇ ਦ੍ਰਿਸ਼ ਅੰਦਰ ਵਰਤਿਆ ਵਹਿਸ਼ੀ-ਪੁਣਾ ਅਤੇ ਇਨਸਾਨੀਅਤ ਤੋਂ ਗਿਰਿਆ ਹੋਇਆ ਵਰਤਾਉ ਹੋਰ ਭੀ ਅਕੱਥ ਹੋ ਜਾਂਦਾ ਹੈ ਜਦੋਂ ਅਸੀਂ ਇਹ ਵੇਖਦੇ ਹਾਂ ਕਿ ਜਿਨ੍ਹਾਂ ਮਨੁੱਖਾਂ ਨੂੰ ਮਾਰਿਆ ਜਾ ਰਿਹਾ ਸੀ ਉਹ ਇਹ ਸਾਰਾ ਸਮਾਂ ਹੀ ਅਰਦਾਸ ਅੰਦਰ ਜੁੜੇ ਹੋਏ ਸਨ ਅਤੇ ਉਨ੍ਹਾਂ ਇਸ ਗੱਲ ਦੀ ਸੌਂਹ ਚੁਕੀ ਹੋਈ ਸੀ ਕਿ ਉਹ ਮਨ, ਬਚਨ ਤੇ ਕਰਮ ਕਰਕੇ ਖਾਮੋਸ਼ ਤੇ ਸ਼ਾਂਤ ਰਹਿਣਗੇ। ਜਿਸ ਤਰ੍ਹਾਂ ਮੈਂ ਪਹਿਲੋਂ ਭੀ ਦਸ ਚੁਕਾ ਹਾਂ ਕਿ ਜਿਨ੍ਹਾਂ ਅਕਾਲੀ ਸਿੱਖਾਂ ਨੇ ਇਹ ਸੁਗੰਧ ਖਾਧੀ ਹੋਈ ਸੀ, ਭਾਵੇਂ ਉਹਨਾਂ ਉਹ ਸੁਗੰਧ ਦਰਬਾਰ ਸਾਹਿਬ ਤੋਂ ਤੁਰਨ ਸਮੇਂ ਉਠਾਈ ਸੀ ਜਾਂ ਗੁਰੂ ਕੇ ਬਾਗ ਗੁਰਦੁਆਰੇ ਵਿਚ, ਇਹਨਾਂ ਵਿਚੋਂ ਬਹੁਤ ਸਾਰੇ ਫ਼ੌਜੀ ਸਨ। ਉਨ੍ਹਾਂ ਨੇ ਫਲਾਂਡਰਸ, ਫਰਾਂਸ, ਮੈਸੋਪੁਟੇਮੀਆਂ ਅਤੇ ਮਧ ਪੂਰਬੀ ਅਫਰੀਕਾ ਵਿਚ ਬਹੁਤ ਸਾਰੇ ਜੁਧਾਂ ਜੰਗਾਂ ਵਿਚ ਭਾਗ ਲਿਆ ਸੀ। ਉਨ੍ਹਾਂ ਵਿਚੋਂ ਕਈਆਂ ਨੇ ਆਪਣੇ ਆਪ ਨੂੰ ਖਤਰੇ ਵਿਚ ਪਾ ਕੇ ਫੱਟੜ ਅੰਗਰੇਜ਼ਾਂ ਦੀਆਂ ਜਾਨਾਂ ਬਚਾਈਆਂ ਹੋਣਗੀਆਂ, ਪਰ ਹੁਣ ਉਸੇ ਹਕੂਮਤ ਦੇ ਨੌਕਰ ਅੰਗਰੇਜ਼ ਕਰਮਚਾਰੀਆਂ ਹਥੋਂ ਉਹ ਮਾਰੇ ਪਟਕਾਏ ਜਾ ਰਹੇ ਸਨ ਜਿਸ ਦੇ ਅਧੀਨ ਇਨ੍ਹਾਂ ਨੇ ਇਹ ਲੜਾਈਆਂ ਲੜੀਆਂ ਸਨ। ਭਾਵੇਂ ਇਹ ਮਾਰ-

ਕੁਟਾਈ ਦਾ ਹਰ ਵਾਰ ਸਹਿਣਾ ਉਨ੍ਹਾਂ ਦੀ ਹੇਠੀ ਅਤੇ ਨਿਰਾਦਰੀ ਦਾ ਸੂਚਕ ਸੀ, ਪ੍ਰੰਤੂ ਉਹ ਇਨ੍ਹਾਂ ਨੂੰ ਚੁਪ ਚਾਪ ਸਹੀ ਜਾਣ ਲਈ ਮਜ਼ਬੂਰ ਸਨ, ਅਤੇ ਜਿਸ ਸਾਹਸ ਨਾਲ ਇਹ ਵਾਰ ਸਹਿਆ ਜਾਂਦਾ ਸੀ ਉਹ ਸਹਿਣ ਵਾਲੇ ਦੀ ਮਹਾਨ ਜਿੱਤ ਦਾ ਲਖਾਇਕ ਸੀ।

ਇਹਨਾਂ ਬੰਦਿਆਂ ਵਾਸਤੇ ਇਹ ਇਕ ਅਜੀਬ ਅਤੇ ਨਵਾਂ ਤਜ਼ਰਬਾ ਸੀ। ਕਿਉਂਕਿ ਉਹ ਬਿਨਾਂ ਮੂੰਹੋਂ ਇਕ ਸ਼ਬਦ ਕਢੇ ਜਾਂ ਮੋੜਵਾਂ ਵਾਰ ਕੀਤੇ ਏਨੀਆਂ ਸਖਤ ਸੱਟਾਂ ਸਹਿ ਰਹੇ ਸਨ ਜਿਨ੍ਹਾਂ ਸਾਹਮਣੇ ਇਨ੍ਹਾਂ ਦਾ ਸੰਭਲਣਾ ਵੀ ਸੰਭਵ ਨਹੀਂ ਸੀ। ਉਹ ਆਪਣੇ ਗੁਰੂ ਦੇ ਸਾਹਮਣੇ ਖਾਧੀ ਸੌਂਹ ਵਿਚ ਅੱਖਰ-ਅੱਖਰ ਪੂਰਾ ਉਤਰ ਰਹੇ ਸਨ। ਜਵਾਬੀ ਵਾਰ ਤਾਂ ਕੀ, ਉਨ੍ਹਾਂ ਦੇ ਚੇਹਰਿਆਂ ਪਰ ਮੁਕਾਬਲੇ ਦੀ ਭਾਵਨਾ ਦਾ ਭੀ ਨਿਸ਼ਾਨ ਨਹੀਂ ਸੀ। ਜਿਉਂ ਜਿਉਂ ਉਹ ਅੱਗੇ ਵਧਦੇ, ਉਹ ਰਬ ਉਪਰ ਪੂਰਨ ਵਿਸ਼ਵਾਸ ਰਖਣ ਅਤੇ ਧਰਮ ਦੇ ਨਾਮ ਤੇ ਆਪਾ ਵਾਰਨ ਵਾਲੇ ਸੱਚੇ ਸੁੱਚੇ ਸ਼ਹੀਦ ਪ੍ਰਤੀਤ ਹੁੰਦੇ ਸਨ। ਉਨ੍ਹਾਂ ਦੇ ਗੁਰੂਆਂ ਦੀਆਂ ਦਿੱਤੀਆਂ ਕੁਰਬਾਨੀਆਂ ਅਤੇ ਸਹੇ ਤਸੀਹੇ ਉਨ੍ਹਾਂ ਨੂੰ ਅੱਖਾਂ ਸਾਹਮਣੇ ਦਿਸਦੇ ਲਗਦੇ ਸਨ ਅਤੇ ਉਹ ਖੁਸ਼ ਸਨ ਕਿ ਉਹ ਆਪਣੇ ਨਿਰਾਲੇ ਧਰਮ ਦੀ ਵੇਦੀ ਉਤੇ ਆਪਣੇ ਜੀਵਨ ਦੀ ਬਲੀ ਦੇ ਕੇ ਇਸ ਦੇ ਭੰਡਾਰ ਨੂੰ ਹੋਰ ਭਰਪੂਰ ਕਰ ਰਹੇ ਸਨ। ਸਾਰੇ ਸਿੱਖ ਦਰਸ਼ਕ ਭੀ ਉਨ੍ਹਾਂ ਦੇ ਨਾਲ ਹੀ ਅਤੇ ਉਨ੍ਹਾਂ ਦੀ ਅਡੋਲਤਾ ਲਈ ਅਰਦਾਸਾਂ ਅੰਦਰ ਜੁੜੇ ਖੜੇ ਸਨ ਅਤੇ ਅਜਰ ਮੁਸੀਬਤਾਂ ਨੂੰ ਖਿੜੇ ਮਥੇ ਜਰਨ ਦਾ ਜੋ ਸਾਹਸ ਗੁਰੂ ਦੀ ਸਿੱਖੀ ਨੇ ਉਨ੍ਹਾਂ ਦੇ ਅੰਦਰ ਭਰ ਦਿੱਤਾ ਹੋਇਆ ਸੀ, ਇਹ ਉਸੇ ਦਾ ਸਦਕਾ ਸੀ ਕਿ ਇਹ ਜਾਣਦੇ ਹੋਏ ਭੀ ਕਿ ਉਨ੍ਹਾਂ ਨਾਲ ਅਤਿਅੰਤ ਧੱਕਾ ਤੇ ਜਬਰ ਕੀਤਾ ਜਾ ਰਿਹਾ ਸੀ, ਉਨ੍ਹਾਂ ਦੇ ਅੰਦਰ ਬਦਲਾ ਲੈਣ ਦੀ ਭਾਵਨਾ ਪੈਦਾ ਨਹੀਂ ਸੀ ਹੋਈ।

ਇਸ ਸਾਰੀ ਘਟਨਾ ਨੂੰ ਕਿਸੇ ਮਾਮੂਲੀ ਜਾਇਦਾਦ ਜਾਂ ਜ਼ਮੀਨ ਦੇ ਕਬਜ਼ਾ ਲੈਣ ਦਾ ਮਸਲਾ ਜਾਨਣਾ ਭੁੱਲ ਹੈ। ਇਸ ਦੀ ਮਹੱਤਤਾ ਦੇ ਸਾਹਮਣੇ ਜਾਇਦਾਦ ਦਾ ਤਾਂ ਇਕ ਨਿਹਾਇਤ ਹੀ ਨਿਗੂਣਾ ਜੈਸਾ ਸਵਾਲ ਸੀ। ਇਹ ਤਾਂ ਇਕ ਨਵੀਂ ਕਿਸਮ ਦੀ ਸਹਿਣ ਜਰਣ ਦੀ ਸੂਰਮਗਤੀ ਸੀ ਜੋ ਇਹ ਦ੍ਰਿਸ਼ ਪੇਸ਼ ਕਰ ਰਿਹਾ ਸੀ। ਦੁਨੀਆ ਨੂੰ ਇਖਲਾਕੀ ਲੜਾਈ ਲੜਨ ਦਾ ਨਵਾਂ ਸਬਕ ਸਿਖਾਇਆ ਜਾ ਰਿਹਾ ਸੀ।

ਇਕ ਵਡੀ ਮਹੱਤਵਪੂਰਨ ਗੱਲ, ਜਿਸ ਦਾ ਮੈਂ ਹੁਣ ਤਕ ਜ਼ਿਕਰ ਨਹੀਂ ਕੀਤਾ, ਸੱਟਾਂ ਸਹਿਣ ਵਾਲਿਆਂ ਦੇ ਸਾਹਸ ਦੀ ਸੀ। ਘਟ ਹੀ ਕੋਈ ਅਜੇਹਾ ਅਕਾਲੀ ਮੇਰੀ ਨਜ਼ਰੀਂ ਪਿਆ ਹੋਵੇਗਾ ਜੋ ਡਾਂਗ ਦੇ ਵਾਰ ਸਾਹਮਣੇ ਝਿਜਕਿਆ ਹੋਵੇ।...... ਵਾਰ ਪੈਂਦੇ ਵੇਖ ਅਕਾਲੀਆਂ ਦੇ ਚੇਹਰਿਆਂ ਪਰ ਨਾ ਕਿਸੇ ਤਰ੍ਹਾਂ ਦੇ ਭੈ ਦੀ ਕੋਈ

ਨਿਸ਼ਾਨੀ ਸੀ ਅਤੇ ਨਾ ਬਦਲਾ ਲੈਣ ਦੇ ਵਿਚਾਰ ਦੀ ਕੋਈ ਭਾਵਨਾ।

(ਇਹ ਹਵਾਲਾ ਪ੍ਰੋ: ਰੁਚੀ ਰਾਮ, ਸ੍ਰੀ ਸੁੰਦਰਮ, ਪ੍ਰੋ: ਤੇਜਾ ਸਿੰਘ ਅਤੇ ਭਗਤ ਲਛਮਣ ਸਿੰਘ ਦੀਆਂ ਪੁਸਤਕਾਂ ਵਿਚੋਂ ਲਿਆ ਗਿਆ ਹੈ।)

12 ਸਤੰਬਰ ਤੋਂ ਪਿਛੋਂ ਭੀ 17 ਨਵੰਬਰ ਤਕ ਹਰ ਰੋਜ਼ ਸੌ ਸਿੰਘਾਂ ਦਾ ਜਥਾ ਸ੍ਰੀ ਅਕਾਲ ਤਖਤ ਤੋਂ ਗੁਰੂ ਕੇ ਬਾਗ ਨੂੰ ਜਾਂਦਾ ਰਿਹਾ ਪ੍ਰੰਤੂ ਹੁਣ ਪੁਲਸ ਵਲੋਂ ਮਾਰ-ਕੁਟਾਈ ਕਰਨ ਦੀ ਬਜਾਏ ਉਨ੍ਹਾਂ ਨੂੰ ਫੜ ਲਿਆ ਜਾਂਦਾ ਅਤੇ ਅਦਾਲਤੋਂ ਸਜ਼ਾ ਦਿਵਾ ਕੇ ਜੇਲ੍ਹ ਭੇਜ ਦਿੱਤਾ ਜਾਂਦਾ। ਇਸ ਸਿਲਸਿਲੇ ਵਿਚ ਹੀ 25 ਅਕਤੂਬਰ ਨੂੰ ਇਕ ਸੌ ਫ਼ੌਜੀ ਪੈਨਸ਼ਨਰਾਂ ਦਾ ਜਥਾ ਸ੍ਰ: ਅਮਰ ਸਿੰਘ ਜਿਸ ਨੇ 23 ਸਾਲ ਅੰਗਰੇਜ਼ ਸਰਕਾਰ ਦੀ ਨੌਕਰੀ ਕੀਤੀ, ਦੀ ਜਥੇਦਾਰੀ ਹੇਠ ਗੁਰੂ ਕੇ ਬਾਗ ਜਾਂਦਾ ਫੜਿਆ ਗਿਆ। ਇਨ੍ਹਾਂ ਵਿਚੋਂ 74 ਸਿੰਘਾਂ ਨੂੰ 'ਅਦਾਲਤੋਂ' ਦੋ-ਦੋ ਸਾਲ ਦੀ ਕੈਦ ਬਾ-ਮੁਸ਼ਕਤ ਤੇ ਸੌ-ਸੌ ਰੁਪੈ ਜੁਰਮਾਨਾ, ਅਤੇ 26 ਨੂੰ ਛੇ ਮਹੀਨੇ ਦੀ ਬਿਨਾ ਮੁਸ਼ਕਤ ਕੈਦ ਤੇ ਸੌ ਰੁਪੈ ਜੁਰਮਾਨਾ ਹੋਇਆ। ਇਸ ਫੌਜੀ ਜਥੇ ਵਲੋਂ ਜੋ ਸਾਂਝਾ ਲਿਖਤੀ ਬਿਆਨ ਸ੍ਰ: ਅਮਰ ਸਿੰਘ ਨੇ ਦਿੱਤਾ, ਉਸ ਵਿਚੋਂ ਕੁਝ ਸ਼ਬਦ ਪਾਠਕਾਂ ਦੀ ਦਿਲਚਸਪੀ ਦਾ ਕਾਰਨ ਹੋਣਗੇ। ਉਹ ਬਿਆਨ ਇਸ ਪ੍ਰਕਾਰ ਸੀ : "ਇਸ ਮੌਕੇ ਤੇ ਅਸੀਂ ਸਰਕਾਰ ਪ੍ਰਤੀ ਇਹ ਸਪਸ਼ਟ ਦਸਣਾ ਚਾਹੁੰਦੇ ਹਾਂ ਕਿ ਗੁਰਦੁਆਰਾ ਸੁਧਾਰ ਲਹਿਰ, ਖਾਸ ਕਰਕੇ ਗੁਰੂ ਕੇ ਬਾਗ ਦੇ ਮੋਰਚੇ ਸੰਬੰਧੀ ਸਿੱਖਾਂ ਦੇ ਕੀ ਜਜ਼ਬਾਤ ਹਨ। ਸਾਡੇ ਜਥੇ ਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਅਸੀਂ ਅੰਗਰੇਜ਼ ਸਰਕਾਰ ਦੀਆਂ ਅਜੇਹੀਆਂ ਖਿਦਮਤਾਂ ਕੀਤੀਆਂ ਹੋਈਆਂ ਹਨ, ਜਿਨ੍ਹਾਂ ਤੇ ਹਰ ਭਲਾ ਮਨੁੱਖ ਫਖਰ ਕਰ ਸਕਦਾ ਹੈ।

ਅਸੀਂ ਤੀਰਾਹ, ਚਿਤਰਾਲ, ਅਫ਼ਗਾਨਿਸਤਾਨ, ਬਰਮਾ, ਚੀਨ, ਪੂਰਬੀ ਅਫਰੀਕਾ, ਸੂਡਾਨ, ਮਿਸਰ, ਈਰਾਨ, ਮੈਸੋਪੁਟੇਮੀਆਂ, ਪੈਲਿਸਟਾਈਨ, ਗੈਲੀਪੋਲੇ, ਰੂਸ, ਫਰਾਂਸ ਅਤੇ ਅਨੇਕਾਂ ਹੋਰ ਛੋਟੀਆਂ ਥਾਵਾਂ ਤੇ ਅੰਗਰੇਜ਼ ਦੀਆਂ ਲੜਾਈਆਂ ਲੜੀਆਂ ਅਤੇ ਸਿਖਰ ਦੀਆਂ ਗਰਮੀਆਂ ਸਰਦੀਆਂ ਆਪਣੇ ਸਿਰ ਝੱਲੀਆਂ ਹਨ। ਸਾਡੇ ਹਜ਼ਾਰਾਂ ਸਿੱਖ ਜਵਾਨਾਂ ਨੂੰ ਲਗਾਤਾਰ ਕਈ-ਕਈ ਦਿਨ ਫਰਾਂਸ ਦੇ ਬਰਫਵਤ ਠੰਡੇ ਪਾਣੀਆਂ ਵਿਚ ਖੜੇ ਰਹਿਣਾ ਪਿਆ ਅਤੇ ਰੁਮੇਦੀ ਤੇ ਮੈਸੋਪੁਟੇਮੀਆਂ ਦੀ 135 ਦਰਜੇ ਦੀ ਗਰਮੀ ਵਿਚ ਲੜਨਾ ਪਿਆ ਜਿਥੇ ਘਟੋ ਘਟ ਸਾਡੇ 190 ਜਵਾਨ ਪਾਣੀ ਹੋਟਿਓਂ ਤਿਹਾਏ ਮਰ ਗਏ.... ਕਤੁਲ ਅਮਾਰਾ ਤੇ, ਜਿਥੇ ਕਿਸੇ ਪ੍ਰਕਾਰ ਦੀ ਸਹਾਇਤਾ ਪਹੁੰਚਣ ਦੀ ਦੂਰ ਦੀ ਭੀ ਕੋਈ ਆਸ ਨਹੀਂ ਸੀ ਰਹੀ, ਨਾ ਤਾਲਮੇਲ ਦੇ ਕੋਈ ਸਾਧਨ ਰਹੇ ਸਨ, ਨਾ ਖ਼ੁਰਾਕ ਪਹੁੰਚ ਸਕਦੀ ਸੀ, ਅਸੀਂ ਘੋੜਿਆਂ ਅਤੇ ਖ਼ਚਰਾਂ ਦੇ ਮਾਸ ਤੇ ਗੁਜ਼ਾਰਾ ਕੀਤਾ। ਸਾਡੇ ਵਿਚ 25 ਉਹ ਜਵਾਨ ਹਨ ਜੇਹੜੇ ਜ਼ਖਮੀ ਹੋ ਕੇ ਫੌਜੀ ਨੌਕਰੀ

ਕਰਨ ਦੇ ਯੋਗ ਨਾ ਰਹੇ, ਇਕ ਦੀ ਲੱਤ ਕਟ ਗਈ ਅਤੇ ਦੋ ਦੀਆਂ ਅੱਖਾਂ ਗੈਸ ਨਾਲ ਖਰਾਬ ਹੋ ਗਈਆਂ। ਲਗਪਗ ਸਾਡੇ ਸਾਰਿਆਂ ਪਾਸ ਵਿਸ਼ੇਸ਼ ਸੇਵਾ ਦੇ ਤਗਮੇ ਹਨ ਅਤੇ ਸਾਡੇ ਵਿਚੋਂ ਦੋ ਨੂੰ ਆਈ. ਓ. ਐਮ., ਇਕ ਨੂੰ ਡੀ. ਐਸ. ਐਮ. ਅਤੇ ਇਕ ਨੂੰ ਐਮ. ਐਸ. ਐਮ. ਜਿਤਣ ਦੀ ਵਿਸ਼ੇਸ਼ਤਾਈ ਪ੍ਰਾਪਤ ਹੈ।......... ਪਰ ਗੁਰਦੁਆਰਾ ਸੁਧਾਰ ਲਹਿਰ ਦੇ ਆਰੰਭ ਤੋਂ ਹੀ ਸਰਕਾਰ ਦਾ ਜੋ ਰਵਈਆ ਇਸ ਲਹਿਰ ਨਾਲ ਰਿਹਾ ਹੈ ਉਸ ਦਾ ਸਾਨੂੰ ਵੱਡਾ ਦੁਖ ਹੈ ਅਤੇ ਸਮੇਂ ਦੇ ਨਾਲ ਨਾਲ ਸਾਡੇ ਮਨਾਂ ਦੀ ਇਹ ਪੀੜਾ ਦਿਨੋ ਦਿਨ ਵਧਦੀ ਗਈ ਹੈ।

ਅਸੀਂ ਨਨਕਾਣਾ ਸਾਹਿਬ ਦਾ ਭਿਆਨਕ ਸਾਕਾ ਅੱਖੀਂ ਵੇਖ ਚੁਕੇ ਹਾਂ। ਫਿਰ ਸਾਡੇ ਬੇਗੁਨਾਹ ਬੰਦਿਆਂ ਨੂੰ ਫੜ-ਫੜ ਜੇਲ੍ਹਾਂ ਵਿਚ ਸੁਟਣ ਦੀ ਜੋ ਹਮਦਰਦੀ ਸਰਕਾਰ ਨੇ ਦਸੀ ਹੈ ਅਤੇ ਜੋ ਇਨਸਾਫ ਸਾਡੇ ਬੇਮਿਸਾਲ ਵਹਿਸ਼ੀਆਨਾ ਅਤੇ ਬੇ-ਰਹਿਮਾਨਾ ਕਤਲਾਮ ਦਾ ਹਾਈਕੋਰਟ ਵਲੋਂ ਸਾਨੂੰ ਮਿਲਿਆ ਹੈ ਸਾਡੇ ਸਾਮ੍ਹਣੇ ਹੈ। ਫਿਰ ਕ੍ਰਿਪਾਨ ਅਤੇ ਕਾਲੀ ਪਗੜੀ ਸਜਾਉਣ ਅਤੇ ਦਰਬਾਰ ਸਾਹਿਬ ਦੀਆਂ ਚਾਬੀਆਂ ਦੇ ਮਾਮਲੇ ਵਿਚ ਸਾਡੇ ਨਾਲ ਜੋ ਸਖਤੀਆਂ ਹੋਈਆਂ ਹਨ ਉਨ੍ਹਾਂ ਨੇ ਰਿਆਇਆ ਦੀ ਧਾਰਮਕ ਆਜ਼ਾਦੀ ਵਿਚ ਦਖਲ ਨਾ ਦੇਣ ਸੰਬੰਧੀ ਅੰਗਰੇਜ਼ ਸਰਕਾਰ ਦੀਆਂ ਮਾਰੀਆਂ ਡੀਂਗਾਂ ਅਤੇ ਦਿਤੇ ਬਚਨਾਂ ਨੂੰ ਬਿਲਕੁਲ ਨੰਗਾ ਕਰ ਦਿੱਤਾ ਹੈ। ਇਹ ਸਭ ਕੁਝ ਅਸੀਂ ਅੱਖੀਂ ਵੇਖਿਆ ਸੁਣਿਆ ਅਤੇ ਸਿੱਖ ਹੋਣ ਦੇ ਨਾਤੇ ਮਹਿਸੂਸ ਕੀਤਾ ਹੈ, ਬਲਕਿ ਇਕ ਸਚੇ ਤੇ ਸੁੱਚੇ ਅਤੇ ਗੈਰਾਂ ਦੀ ਈਮਾਨਦਾਰੀ ਪਰ ਪੂਰਾ ਭਰੋਸਾ ਰਖਣ ਵਾਲੇ ਮਿਤਰ ਦੀ ਨਿਆਈਂ ਸਾਡੇ ਦਿਲ ਤੇ ਇਸ ਗੱਲ ਦੀ ਕਰਾਰੀ ਚੋਟ ਲੱਗੀ ਹੈ ਕਿ ਅਸੀਂ ਅੰਗਰੇਜ਼ ਸਰਕਾਰ ਹੱਥੋਂ ਧੋਖਾ ਖਾ ਗਏ। ਗੁਰੂ ਕੇ ਬਾਗ ਦੀ ਘਟਨਾ ਇਸ ਸਾਰੀ ਵਾਰਤਾ ਦਾ ਸਿਖਰ ਹੈ। ਦੋ ਮਹੀਨਿਆਂ ਤੋਂ ਜਦੋਂ ਇਹ ਮੋਰਚਾ ਸ਼ੁਰੂ ਹੋਇਆ, ਅਸੀਂ ਵੇਖਦੇ ਆ ਰਹੇ ਹਾਂ ਕਿ ਸਾਡੇ ਭਰਾ ਕਿਤਨੀ ਬੇਦਰਦੀ ਨਾਲ ਖਿਲਾਫ ਕਾਨੂੰਨ ਮਾਰੇ ਕੁਟੇ ਜਾਂਦੇ ਰਹੇ, ਪਵਿੱਤਰ ਕੇਸਾਂ ਅਤੇ ਦਾੜ੍ਹੀਆਂ ਤੋਂ ਫੜ ਕੇ ਧਰੂਏ ਗਏ। ਸਾਡੇ ਗੁਰੂ ਸਾਹਿਬਾਨ ਦੀ ਸ਼ਾਨ ਦੇ ਉਲਟ ਹੱਤਕ ਤੇ ਉਕਸਾਹਟ ਭਰੇ ਕੁਬਚਨ ਬੋਲੇ ਗਏ, ਪੁਲਸ ਵਲੋਂ ਕਾਨੂੰਨ ਦੇ ਨਾਮ ਤੇ ਅਤਿ ਦਰਜੇ ਦੀ ਬੇਕਾਨੂੰਨੀ ਵਰਤੀ ਗਈ ਅਤੇ ਇਹ ਸਭ ਕੁਝ ਬਿਨਾਂ ਕਿਸੇ ਕਾਰਨ ਅਮਨ ਦੇ ਨਾਮ ਤੇ ਕੀਤਾ ਗਿਆ। ਜਦੋਂ ਇਹ ਗਲ ਸਾਡੇ ਸਹਿਣ ਜਰਣ ਤੋਂ ਬਾਹਰ ਹੋ ਗਈ ਤਾਂ ਅਖੀਰ ਮਜ਼ਬੂਰ ਹੋ ਕੇ ਸਾਨੂੰ ਭੀ ਉਸ ਹੇਠੀ ਅਤੇ ਦੁਰਦਸ਼ਾ ਜੋ ਸਾਡੇ ਭਰਾਵਾਂ ਦੀ ਹੋਈ ਹੈ ਦਾ ਸਹੀ ਅਨੁਮਾਨ ਹੋ ਸਕੇ ਅਤੇ ਅਸੀਂ ਖੁਸ਼ ਹਾਂ ਕਿ ਪੁਲਸ ਨੇ ਉਸ ਦਾ ਥੋੜਾ ਜੇਹਾ ਸੁਆਦ ਚਖਾਉਣ ਦੀ ਸਾਡੇ ਉਪਰ ਭੀ ਮਿਹਰਬਾਨੀ ਕੀਤੀ ਹੈ। ਪੁਲਸ ਨੇ ਪਹਿਲੋਂ ਸਾਨੂੰ ਨੰਗਿਆਂ ਕਰਕੇ ਅਤਿ ਨੀਵੇਂ

ਇਖਲਾਕੀ ਕੈਦੀਆਂ ਵਾਂਗ ਸਾਡੀ ਤਲਾਸ਼ੀ ਲਈ ਅਤੇ ਫਿਰ ਸਾਡੇ ਪਰ ਏਨਾ ਸਖਤ ਪਹਿਰਾ ਰਖਿਆ ਕਿ ਰਾਤ ਦੇ ਗਿਆਰਾਂ ਵਜੇ ਤੋਂ ਅਗਲੇ ਦਿਨ ਸਵੇਰੇ ਛੇ ਵਜੇ ਤਕ ਸਾਨੂੰ ਟੱਟੀ ਪਿਸ਼ਾਬ ਦੀ ਆਗਿਆ ਭੀ ਨਹੀਂ ਦਿੱਤੀ ਅਤੇ ਹੁਣ ਉਹ ਲੋਕ ਸਾਨੂੰ ਹਥਕੜੀਆਂ ਲਾਉਣਗੇ, ਜਿਨ੍ਹਾਂ ਨੂੰ ਅਸੀਂ ਆਪਣੇ ਮਿਤਰ ਜਾਣ ਕੇ ਏਨਾ ਲੰਮਾ ਸਮਾਂ, ਆਪਣਾ ਆਪ ਮਾਰ ਕੇ ਉਨ੍ਹਾਂ ਦੀ ਸੇਵਾ ਕਰਦੇ ਰਹੇ। ਪਰ ਅਸੀਂ ਆਪਣੇ ਆਪ ਨੂੰ ਵਡੇ ਸੁਭਾਗੇ ਸਮਝਦੇ ਹਾਂ ਜੋ ਗੁਰੂ ਕੇ ਬਾਗ ਦੀ ਜ਼ਮੀਨ ਵਿਚੋਂ ਗੁਰੂ ਕੇ ਲੰਗਰ ਵਾਸਤੇ ਲਕੜ ਕੱਟਣ ਆਏ, ਅਸੀਂ ਫੜੇ ਗਏ ਹਾਂ ਅਤੇ ਹੁਣ ਜੇਲ੍ਹ ਵਿਚ ਭੇਜੇ ਜਾ ਰਹੇ ਹਾਂ ਜਿਸ ਨੂੰ ਅਸੀਂ ਬਹਿਸ਼ਤ ਸਮਝਦੇ ਹਾਂ ਕਿਉਂਕਿ ਅਜੇਹਾ ਕਰਕੇ ਅਸੀਂ ਪਵਿੱਤਰ ਗੁਰਦੁਆਰਿਆਂ ਅੰਦਰੋਂ ਭ੍ਰਿਸ਼ਟਾਚਾਰ ਦੀ ਮੈਲ ਮਿੱਟੀ ਧੋ ਰਹੇ ਹਾਂ।''

(Gurdwara Reform Movement & Sikh Awakening.)
(ਸਫਾ 432-433)

ਅਜੇਹਾ ਫ਼ੌਜੀ ਪੈਨਸ਼ਨਰਾਂ ਦਾ ਇਕ ਹੋਰ ਜਥਾ ਭੀ 12 ਨਵੰਬਰ ਨੂੰ ਫੜਿਆ ਅਤੇ ਕੈਦ ਕੀਤਾ ਗਿਆ ਸੀ।

ਲਾਲਾ ਲਾਜਪਤ ਰਾਇ ਜੋ ਪੰਜਾਬੀ ਸੂਬਾਈ ਕਾਂਗਰਸ ਦੇ ਪ੍ਰਧਾਨ ਭੀ ਰਹੇ ਸਨ, ਨੇ ਕਿਹਾ ਸੀ :

''ਜਿਥੋਂ ਤਕ ਅਦਮ ਤਸ਼ੱਦਦ (ਅੱਗੋਂ ਹੱਥ ਨਾ ਉਠਾਉਣ) ਅਤੇ ਇਸ ਦੇ ਫਲਸਰੂਪ ਆਪਣੇ ਨਿਜ ਦੀ ਬਲੀ ਦੇ ਦੇਣ ਦਾ ਸਵਾਲ ਹੈ, ਸਿੱਖਾਂ ਨੇ ਇਸ ਦਾ ਹੈਰਤ ਅੰਗੇਜ਼ (ਪਰੇਸ਼ਾਨ ਕਰ ਦੇਣ ਵਾਲਾ) ਸਬੂਤ ਪਹਿਲੋਂ ਨਨਕਾਣਾ ਸਾਹਿਬ, ਉਸ ਤੋਂ ਮਗਰੋਂ ਅਜਨਾਲੇ ਅਤੇ ਅੰਮ੍ਰਿਤਸਰ (ਗੁਰੂ ਕੇ ਬਾਗ) ਵਿਚ ਦਿਤਾ ਹੈ। ਉਹ ਠੀਕ ਹੀ ਆਪਣੇ ਗੁਰੂਆਂ ਦੇ ਸੱਚੇ ਸਪੂਤ ਸਿਧ ਹੋਏ ਹਨ। ਜਿਸ ਤਰ੍ਹਾਂ ਇਸ਼ਤਿਹਾਰ ਦਿਤੇ ਜਾਣ ਦੇ ਬਾਵਜੂਦ ਵੀ ਠੰਡੇ ਜਿਗਰੇ ਨਾਲ ਅਰ ਬਿਨਾਂ ਕਿਸੇ ਤਰ੍ਹਾਂ ਦਾ ਵਿਖਾਵਾ ਕਰਨ ਦੇ ਉਨ੍ਹਾਂ ਆਪਣਾ ਆਪ ਕੁਰਬਾਨ ਕੀਤਾ ਹੈ, ਉਸ ਨੂੰ ਮਾਤ ਪਾਉਣਾ ਤਾਂ ਕੀ ਉਸ ਦੀ ਮਿਸਾਲ ਮਿਲਣੀ ਭੀ ਮੁਸ਼ਕਲ ਹੈ :

(A Brief Account of the Sikh People ਸਫਾ 70)

ਆਪਣੀ ਪੁਸਤਕ 'Guru ka Bagh Satyagarh' ਦੇ ਸਫਾ 41 ਤੇ ਮਿ: ਸੁੰਦਰਮ ਲਿਖਦਾ ਹੈ ਕਿ ਜ਼ਖਮੀ ਤੇ ਬੇਹੋਸ਼ ਹੋਏ ਅਕਾਲੀਆਂ ਨੂੰ ਕੇਸਾਂ ਤੋਂ ਫੜ ਕੇ ਧਰੂਇਆ ਜਾਂਦਾ ਸੀ। ਜਦ ਮੈਂ 2 ਸਤੰਬਰ ਨੂੰ ਆਪਣੀ ਅੱਖੀਂ ਅਜੇਹਾ ਹੁੰਦਾ ਵੇਖਿਆ ਤਾਂ ਮੈਂ ਅੰਗਰੇਜ਼ ਪੁਲਸ ਸੁਪਰਡੰਟ ਮਿ: ਮੈਕਫਰਸਨ ਨੂੰ ਕਿਹਾ ਕਿ ਕੇਸਾਂ ਤੋਂ ਪਕੜ ਕੇ ਸਿੱਖਾਂ ਨੂੰ ਧਰੂਹਨਾ ਉਨ੍ਹਾਂ ਦੇ ਧਾਰਮਕ ਜਜ਼ਬਾਤ ਨਾਲ ਖੇਡਣਾ ਹੈ, ਕਿਉਂਕਿ

ਉਹ ਕੇਸਾਂ ਨੂੰ ਸਰੀਰ ਦਾ ਬਹੁਤ ਪਾਕ ਪਵਿੱਤਰ ਭਾਗ ਸਮਝਦੇ ਹਨ। ਮਿ: ਮੈਕਫਰਸਨ ਨੇ ਮੇਰੀ ਇਹ ਗੱਲ ਮੰਨ ਕੇ ਕਿਹਾ ਕਿ ਅੱਗੋਂ ਨੂੰ ਐਸਾ ਨਹੀਂ ਹੋਵੇਗਾ। ਮੈਂ ਵਡੇ ਅਫਸੋਸ ਨਾਲ ਇਹ ਪ੍ਰਗਟ ਕਰਦਾ ਹਾਂ ਕਿ 7 ਸਤੰਬਰ ਤਕ ਤਾਂ ਕੇਸਾਂ ਤੋਂ ਫੜ ਕੇ ਅਕਾਲੀਆਂ ਨੂੰ ਧਰੂਹੇ ਜਾਂਦੇ ਮੈਂ ਅੱਖੀਂ ਵੇਖਦਾ ਰਿਹਾ ਹਾਂ। ਉਸ ਤੋਂ ਪਿਛੋਂ ਮੈਂ ਐਸਾ ਹੁੰਦਾ ਨਹੀਂ ਵੇਖਿਆ।''

ਆਪਣੀ ਪੁਸਤਕ 'Gurdwara Reform Movement & The Sikh Awakening' ਦੇ ਸਫਾ 406 ਤੇ ਪ੍ਰੋ: ਤੇਜਾ ਸਿੰਘ ਲਿਖਦੇ ਹਨ, 'ਸੈਂਕੜੇ ਆਦਮੀਆਂ ਵਿਚੋਂ, ਜਿਨ੍ਹਾਂ ਨੂੰ ਅਸੀਂ ਬਹੁਤ ਬੁਰੀ ਤਰ੍ਹਾਂ ਡਾਗਾਂ ਨਾਲ ਕੁਟੀਂਦਾ, ਠੁਡੇ ਮਾਰੇ ਜਾਂਦੇ ਅਤੇ ਉਨ੍ਹਾਂ ਦੇ ਪਵਿਤ੍ਰ ਕੇਸਾਂ ਅਤੇ ਦਾੜ੍ਹੀਆਂ ਤੋਂ ਫੜ ਕੇ ਧਰੂਹਿਆ ਜਾਂਦਾ ਅਖੀਂ ਵੇਖਿਆ, ਕਿਸੇ ਇਕ ਨੇ ਵੀ ਮੁਕਾਬਲੇ ਵਿਚ ਜਾ ਬਦਲਾ ਲੈਣ ਦੇ ਖਿਆਲ ਨਾਲ ਆਪਣੀ ਚੀਚੀ ਤਕ ਭੀ ਖੜੀ ਨਹੀਂ ਕੀਤੀ।'

ਭਾਈ ਜੋਧ ਸਿੰਘ (ਰੀਟਾਇਰਡ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ) ਨੇ ਗੁਰੂ ਕੇ ਬਾਗ ਦੇ ਮੋਰਚੇ ਅੰਦਰ ਸਿੱਖਾਂ ਦੀ ਹੁੰਦੀ ਮਾਰ-ਕੁਟਾਈ ਦਾ ਆਪਣੀ ਅੱਖੀਂ ਡਿਠਾ ਦ੍ਰਿਸ਼ ਅਖਬਾਰ 'The Khalsa' ਦੇ ਮਿਤੀ 4 ਸਤੰਬਰ, 1922 ਦੇ ਪਰਚੇ ਵਿਚ ਲਿਖਿਆ ਸੀ : ਵੀਹ ਮਿੰਟ ਮਾਰ ਕੁਟਾਈ ਹੋਣ ਮਗਰੋਂ ਫ਼ੌਜੀਆਂ ਦੇ ਇਕ ਘੋੜ ਸਵਾਰ ਦਸਤੇ ਨੂੰ ਸਬਜ਼ ਝੰਡੀ ਦਿੱਤੀ ਗਈ ਜਿਸ ਤੇ ਸਾਰਾ ਘੋੜ ਦਸਤਾ ਮੌਕੇ ਤੇ ਪਹੁੰਚ ਗਿਆ। ਇਨ੍ਹਾਂ ਵਿਚੋਂ ਤਿੰਨ ਸਵਾਰ ਅੱਗੇ ਵਧੇ ਅਤੇ ਡਿਗੇ ਪਏ ਅਕਾਲੀਆਂ ਦੇ ਉਪਰ ਦੀ ਦਗੜ ਦਗੜ ਲੰਘ ਗਏ। ਘੋੜਿਆਂ ਦੇ ਸੁੰਮਾਂ ਹੇਠ ਸਿੰਘਾਂ ਨੂੰ ਫੱਟੜ ਹੁੰਦੇ ਵੇਖ ਦਰਸ਼ਕ ਕੁਰਲਾ ਉਠੇ ਅਤੇ ਜ਼ਾਰ ਜ਼ਾਰ ਰੋਏ।'

(Gurdwara Reform Movement ਸਫਾ 408)

ਗੁਰੂ ਕੇ ਬਾਗ ਦੀ ਇਹ ਵਾਰਤਾ ਏਨੀ ਦਰਦਨਾਕ ਹੈ ਕਿ ਇਸ ਨੂੰ ਬਿਆਨ ਕਰਦਿਆਂ ਲੂੰ ਕੰਡੇ ਖੜੇ ਹੁੰਦੇ ਹਨ ਅਤੇ ਜਿਸ ਸਿਦਕ ਤੇ ਠੰਡੇ ਦਿਲ ਨਾਲ ਅਕਾਲੀ ਸਿੰਘਾਂ ਨੇ ਇਹ ਤਸੀਹੇ ਸਹੇ ਉਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਨਹੀਂ ਮਿਲਦੀ। ਪਰ ਇਹ ਦਲੇਰੀ, ਇਹ ਜੇਰਾ ਅਤੇ ਅਜਰ ਨੂੰ ਜਰਨ ਦੀ ਇਹ ਸ਼ਕਤੀ ਕਿਥੋਂ ਆਈ? ਇਹ ਸਤਿਗੁਰੂ ਦੇ ਹਜ਼ੂਰ ਕੀਤੀ ਅਰਦਾਸ ਅਤੇ ਦਿੱਤੇ ਬਚਨ ਦਾ ਸਦਕਾ ਸੀ, ਜਿਸ ਵਿਚ ਪੂਰਾ ਉਤਰਨਾ ਉਹ ਆਪਣੀ ਅਤੇ ਸਤਿਗੁਰੂ ਦੀ ਸ਼ਾਨ ਸਮਝਦੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਦੇਹ ਉਹੀ ਸਫਲ ਹੈ, ਜੋ ਸਤਿਗੁਰੂ ਦੇ ਲੇਖੇ ਲੱਗ ਜਾਵੇ।

ਦੁਨਿਆਵੀ ਐਸ਼ ਇਸ਼ਰਤ ਅਤੇ ਪਦਾਰਥਾਂ ਦੇ ਭੋਗ ਉਨ੍ਹਾਂ ਨੂੰ ਭੀ ਪ੍ਰਾਪਤ

ਸਨ। ਉਹ ਭੀ ਮਾਤਾ ਪਿਤਾ, ਭੈਣ-ਭਰਾਵਾਂ, ਬੱਚਿਆਂ ਅਤੇ ਪ੍ਰਵਾਰ ਵਾਲੇ ਸਨ। ਪਰ ਉਹ ਗੁਰੂ ਵਾਲੇ ਬਣੇ ਸਨ, ਮਾਹੀ ਦੀ ਸਦ ਸੁਣ, ਉਹ ਪਿਛੇ ਨਾ ਰਹਿ ਸਕੇ ਅਤੇ ਦੁਹਰਾ ਦਿੱਤਾ ਸਿੱਖੀ ਦਾ ਸ਼ਾਨਦਾਰ ਇਤਿਹਾਸ। ਓਨ੍ਹਾਂ ਦੇ ਗੁਰੂ ਨੇ ਕਿਹਾ ਸੀ :

'ਖਾਲਸਾ ਮੇਰੋ ਸ੍ਰਿਜਨ ਪ੍ਰਵਾਰਾ', ਉਹ ਆਪਣੇ ਪ੍ਰਵਾਰ ਛੱਡ ਗੁਰੂ ਦੇ ਪ੍ਰਵਾਰ ਵਿਚ ਸ਼ਾਮਲ ਹੋ ਗਏ। ਉਹ ਕਸ਼ਟ ਇਸ ਲਈ ਸਹਿੰਦੇ ਸਨ ਕਿ ਉਨ੍ਹਾਂ ਦੇ ਅੰਦਰ ਇਕ ਟੁੰਬ ਸੀ ਕਿ ਇਹ ਸੇਵਾ ਅਕਾਲ ਪੁਰਖ ਉਨ੍ਹਾਂ ਪਾਸੋਂ ਲੈ ਰਿਹਾ ਹੈ' ਉਨ੍ਹਾਂ ਦੀ ਕੁਰਬਾਨੀ ਦਾ ਆਧਾਰ ਉਨ੍ਹਾਂ ਦਾ ਧਰਮ ਸੀ।

ਆਉ ਅਸੀਂ ਵੀ ਗੁਰੂ ਵਾਲੇ ਹੋ ਜਾਈਏ। ਧਰਮ ਹੀ ਸਾਨੂੰ ਉਹ ਟੁੰਬ ਦੇ ਸਕਦਾ ਹੈ, ਜਿਸ ਦੇ ਹੁੰਦਿਆਂ ਕਸ਼ਟ ਮਿਠੇ ਲਗਣ ਲੱਗ ਜਾਂਦੇ ਹਨ। ਜੇ ਅਸੀਂ ਚਾਹੁੰਦੇ ਹਾਂ ਕਿ ਗੁਰੂ ਕੇ ਬਾਗ ਵਾਲਾ ਸਾਹਸ ਸਾਡੇ ਵਿਚ ਆਵੇ ਤਾਂ ਅਸੀਂ ਵੀ ਧਰਮ ਨੂੰ ਆਪਣਾ ਆਧਾਰ ਬਣਾਈਏ। ਗੁਰੂ ਕਾ ਅੰਮ੍ਰਿਤਪਾਨ ਕਰੀਏ, ਗੁਰੂ ਦੀ ਰਹਿਣੀ ਰਹੀਏ, ਗੁਰੂ ਦਾ ਕਿਰਦਾਰ ਅਪਣਾਈਏ। ਸਾਡੀ ਸਰਦਾਰੀ, ਸਾਡੀ ਸਮਰੱਥਾ ਤੇ ਸਾਡੀ ਆਭਾ ਇਸੇ ਰਹਿਣੀ ਤੇ ਰੂਪ ਵਿਚ ਹੈ। ਸਾਡੇ ਨਿਆਰੇ ਰੂਪ ਦਾ ਭੈ ਸਿੱਖੀ ਦੇ ਵੈਰੀਆਂ ਲਈ ਹਰ-ਹਮੇਸ਼ ਉਨ੍ਹਾਂ ਦੀ ਜਾਨ ਦਾ ਖੌ ਬਣਿਆ ਰਹਿਣਾ ਅੱਜ ਭੀ ਸਾਡਾ ਬਲ, ਸਾਡਾ ਮਾਨ ਤੇ ਸਾਡੀ ਸ਼ਾਨ, ਸਾਡੇ ਨਿਆਰੇ ਰੂਪ ਤੇ ਨਿਆਰੀ ਰਹਿਣੀ ਵਿਚ ਹੈ। ਇਸ ਨੂੰ ਤਿਆਗ ਕੇ ਅਸੀਂ ਚੁਰਾਸੀ ਦੇ ਚੱਕਰ ਵਿਚ ਪੈ ਜਾਵਾਂਗੇ। ਸਤਿਗੁਰੂ ਨੇ ਐਵੇਂ ਤਾਂ ਨਹੀਂ ਸੀ ਕਿਹਾ :-

ਜਬ ਲਗ ਖਾਲਸਾ ਰਹੇ ਨਿਆਰਾ।
ਤਬ ਲਗ ਤੇਜ ਦੀਓ ਮੈਂ ਸਾਰਾ।
ਜਬ ਇਹ ਗਹਿ ਬਿਪ੍ਰਨ ਕੀ ਰੀਤ।
ਮੈਂ ਨ ਕਰੋਂ ਇਨ ਕੀ ਪ੍ਰਤੀਤ।

***

# ਅਪੀਲ

- ਆਪਣਾ ਕੌਮੀ ਇਤਿਹਾਸ ਪੜ੍ਹੋ, ਵੀਚਾਰੋ।
- ਇਤਿਹਾਸ ਵਿੱਚ ਦਰਜ ਕੁਰਬਾਨੀਆਂ ਸਾਡਾ ਸਰਮਾਇਆ ਹਨ।
- ਇਤਿਹਾਸ ਕੌਮਾਂ ਦੀ ਜ਼ਿੰਦ ਜਾਨ ਹੁੰਦਾ ਹੈ।
- ਇਤਿਹਾਸਕ ਘਟਨਾਵਾਂ ਸਾਹਸਹੀਨ ਵਿਅਕਤੀ ਵਿੱਚ ਕੌਮੀਂ ਜਜ਼ਬਾ ਭਰਦੀਆਂ ਹਨ।
- ਆਪਣੇ ਅਮੀਰ ਵਿਰਸੇ ਤੋਂ ਬੇਖ਼ਬਰ ਰਹਿਣਾ ਵੱਡੀ ਭੁੱਲ ਹੈ।